ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਮੰਗਲਵਾਰ, 3 ਮਾਰਚ 2026 (ਨਾਨਕਸ਼ਾਹੀ ਸੰਮਤ : ੫੫੭, ੨੦ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਪਾਕਿਸਤਾਨ ਨੇ ਹਵਾਈ ਖੇਤਰ ਕੀਤਾ ਬੰਦ ! ਜੰਗ ਦਰਮਿਆਨ ਲਿਆ ਵੱਡਾ ਫੈਸਲਾ

**ਲਾਹੌਰ, 2 ਮਾਰਚ (ਆਵਾਜ਼ਿ ਕੌਮ ਬਿਊਰੋ)**-ਖੇਤਰੀ ਸਥਿਤੀ ਦੇ ਲਗਾਤਾਰ ਵਿਗੜਨ ਕਾਰਨ ਪਾਕਿਸਤਾਨ ਨੇ ਕਰਾਚੀ ਤੇ ਲਾਹੌਰ ਫਲਾਈਟ ਇਨਫਰਮੇਸ਼ਨ ਰੀਜਨਸ ਦੇ ਕੁਝ ਹਵਾਈ ਰਸਤੇ ਬੰਦ ਕਰਨ ਦਾ ਐਲਾਨ ਕੀਤਾ ਹੈ।ਪਾਕਿਸਤਾਨ ਏਅਰਪੋਰਟ ਅਥਾਰਟੀ ਦੇ ਬੁਲਾਰੇ ਅਨੁਸਾਰ, ਇਹ ਫੈਸਲਾ ਪਾਕਿਸਤਾਨੀ ਹਵਾਈ ਸੈਨਾ ਦੇ ਲੜਾਕੂ ਜਹਾਜ਼ਾਂ ਦੇ ਫੌਜੀ ਅਭਿਆਸਾਂ ਨੂੰ ਧਿਆਨ ’ਚ ਰੱਖਦੇ ਹੋਏ ਲਿਆ ਗਿਆ ਹੈ।ਨੋਟੀਫਿਕੇਸ਼ਨ ਅਨੁਸਾਰ, ਇਹ ਹਵਾਈ ਰਸਤੇ 3 ਮਾਰਚ ਤੋਂ 31 ਮਾਰਚ ਤੱਕ ਵਪਾਰਕ ਉਡਾਣਾਂ ਲਈ ਉਪਲਬਧ ਨਹੀਂ ਹੋਣਗੇ। ਇਹ ਪਾਬੰਦੀ ਰੋਜ਼ਾਨਾ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਲਾਗੂ ਰਹੇਗੀ, ਜਿਸ ਦੌਰਾਨ ਸਿਵਲ ਉਡਾਣਾਂ ਦੀ ਆਵਾਜਾਈ ਪੂਰੀ ਤਰ੍ਹਾਂ ਬੰਦ ਰਹੇਗੀ। ਜ਼ਿਕਰਯੋਗ ਹੈ ਕਿ ਪਾਕਿਸਤਾਨ 27 ਫਰਵਰੀ ਤੋਂ ਅਫਗਾਨਿਸਤਾਨ ਨਾਲ ਜੰਗ ਦੀ ਸਥਿਤੀ ਵਿੱਚ ਹੈ।ਪਾਕਿਸਤਾਨ ਦੇ ਸੰਘੀ ਸੂਚਨਾ ਮੰਤਰੀ ਅਤਾਉੱਲ੍ਹਾ ਤਾਰੜ ਨੇ ਦੱਸਿਆ ਕਿ ਸਰਹੱਦ ਪਾਰੋਂ ਹੋਈ ਬਿਨਾਂ ਉਕਸਾਵੇ ਦੀ ਗੋਲੀਬਾਰੀ ਤੋਂ ਬਾਅਦ ਅਫਗਾਨ ਤਾਲਿਬਾਨ ਵਿਰੁੱਧ ’ਆਪ੍ਰੇਸ਼ਨ ਗਜ਼ਬ ਲਿਲ-ਹੱਕ’ ਸ਼ੁਰੂ ਕੀਤਾ ਗਿਆ ਹੈ।ਸੂਚਨਾ ਮੰਤਰੀ ਨੇ ਦਾਅਵਾ ਕੀਤਾ ਕਿ ਪਾਕਿਸਤਾਨੀ ਹਥਿਆਰਬੰਦ ਬਲਾਂ ਨੇ ਹੁਣ ਤੱਕ ਅਫਗਾਨ ਤਾਲਿਬਾਨ ਦੀਆਂ 182 ਚੌਕੀਆਂ ਨੂੰ ਤਬਾਹ ਕਰ ਦਿੱਤਾ ਹੈ ਅਤੇ 31 ’ਤੇ ਕਬਜ਼ਾ ਕਰ ਲਿਆ ਹੈ।ਇਸ ਅਪ੍ਰੇਸ਼ਨ ਦੌਰਾਨ ਹੁਣ ਤੱਕ 415 ਅਫਗਾਨ ਤਾਲਿਬਾਨ ਮਾਰੇ ਗਏ ਹਨ ਅਤੇ 580 ਤੋਂ ਵੱਧ ਜ਼ਖਮੀ ਹੋਏ ਹਨ। ਖੇਤਰ ਵਿੱਚ ਵਧਦੇ ਤਣਾਅ ਦੇ ਮੱਦੇਨਜ਼ਰ ਹਵਾਈ ਖੇਤਰ ਦੀ ਇਹ ਬੰਦੀ ਬੇਹੱਦ ਅਹਿਮ ਮੰਨੀ ਜਾ ਰਹੀ ਹੈ।

# ਪ੍ਰੀਖਿਆਵਾਂ ਦੌਰਾਨ ਜਲੰਧਰ ਦੇ 2 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

**ਜਲੰਧਰ, 2 ਮਾਰਚ (ਆਵਾਜ਼ਿ ਕੌਮ ਬਿਊਰੋ)**-ਰਾਮਾ ਮੰਡੀ ਅਧੀਨ ਆਉਣ ਵਾਲੇ ਏਪੀਜੇ ਅਤੇ ਪੁਲਿਸ ਡੀਏਵੀ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਸੀ। ਰਿਪੋਰਟਾਂ ਅਨੁਸਾਰ, ਇਹ ਧਮਕੀ ਈਮੇਲ ਰਾਹੀਂ ਦਿੱਤੀ ਗਈ ਹੈ।ਇਸ ਘਟਨਾ ਨਾਲ ਸਕੂਲ ਪ੍ਰਸ਼ਾਸਨ ਵਿੱਚ ਹੜਕੰਪ ਮਚ ਗਿਆ, ਜਿਸਨੇ ਫਿਰ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ, ਬੰਬ ਸਕੁਐਡ ਅਤੇ ਡੌਗ ਸਕੁਐਡ ਟੀਮਾਂ ਮੌਕੇ ’ਤੇ ਪਹੁੰਚੀਆਂ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਦੱਸ ਦਈਏ ਕਿ ਅੱਜ ਸਵੇਰੇ 7 ਤੋਂ 9 ਵਜੇ ਦੇ ਵਿਚਕਾਰ ਜਲੰਧਰ ਸ਼ਹਿਰ ਦੀਆਂ 10-12 ਸਕੂਲਾਂ ਨੂੰ ਇਕ ਗੁਮਨਾਮ ਈ.ਮੇਲ ਆਈਡੀ ਤੋਂ ਬੰਬ ਧਮਕੀ ਸਬੰਧੀ ਈਮੇਲ ਪ੍ਰਾਪਤ ਹੋਈ। ਇਸ ਬਾਰੇ




ਜਾਣਕਾਰੀ ਤੁਰੰਤ ਜਲੰਧਰ ਪੁਲਿਸ ਨੂੰ ਕੰਟਰੋਲ ਰੂਮ ਰਾਹੀਂ ਮਿਲੀ। ਸੂਚਨਾ ਮਿਲਦੇ ਹੀ ਪੁਲਿਸ ਟੀਮਾਂ ਨੂੰ ਤੁਰੰਤ ਮੋਬਿਲਾਈਜ਼ ਕੀਤਾ ਗਿਆ, ਜਿਨ੍ਹਾਂ ਵਿੱਚ ਐਂਟੀ-ਸਬੋਟਾਜ਼ ਟੀਮਾਂ, ਸਥਾਨਕ ਐਸ.ਐਚ.ਓਜ਼, ਏ.ਸੀ.ਪੀ ਮਾਡਲ ਟਾਊਨ, ਏ.ਸੀ.ਪੀ ਕੈਂਟ, ਏ.ਸੀ.ਪੀ ਸੈਂਟਰਲ ਅਤੇ ਏ.ਡੀ.ਸੀ.ਪੀ ਦਰਜੇ ਦੇ ਅਧਿਕਾਰੀ ਸ਼ਾਮਲ ਹਨ।ਅਧਿਕਾਰੀਆਂ ਦੀ ਨਿਗਰਾਨੀ ਹੇਠ ਹਰ ਸਕੂਲ ਵਿੱਚ ਕਈ ਟੀਮਾਂ ਵੱਲੋਂ ਐਂਟੀ-ਸਬੋਟਾਜ਼ ਚੈਕ ਕੀਤਾ ਜਾ ਰਿਹਾ ਹੈ ਅਤੇ ਭੇਜਣ ਵਾਲੀ ਈਮੇਲ ਆਈ.ਡੀ ਦੀ ਸਾਇਬਰ ਜਾਂਚ ਜਾਰੀ ਹੈ। ਫਿਲਹਾਲ ਸਥਾਨਕ ਪੁਲਿਸ ਵੱਲੋਂ ਸਕੂਲ ਪ੍ਰਬੰਧਨ ਦਾ ਸਾਥ ਲੈ ਕੇ ਸਥਿਤੀ ਨੂੰ ਕਾਬੂ ਵਿੱਚ ਕਰ ਲਿਆ ਗਿਆ ਹੈ।

## ਚੰਡੀਗੜ੍ਹ ਦੇ ਵੱਖ-ਵੱਖ ਵਿਭਾਗਾਂ ਨੂੰ ਬੰਬ ਨਾਲ ਉਡਾਉਣ ਦੀ ਆਈ ਧਮਕੀ, ਅਲਰਟ ’ਤੇ ਪ੍ਰਸ਼ਾਸਨ



**ਚੰਡੀਗੜ੍ਹ, 2 ਮਾਰਚ (ਆਵਾਜ਼ਿ ਕੌਮ ਬਿਊਰੋ)**-ਹੋਲੀ ਤੋਂ ਪਹਿਲਾਂ ਚੰਡੀਗੜ੍ਹ ਵਿੱਚ ਬੰਬ ਦੀ ਧਮਕੀ ਮਿਲੀ ਸੀ। ਧਮਕੀ ਭਰੇ ਈਮੇਲ ਤੋਂ ਬਾਅਦ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਅਲਰਟ ’ਤੇ ਰੱਖਿਆ ਗਿਆ ਹੈ। ਇਸ ਵਾਰ, ਸੈਕਟਰ 34 ਵਿੱਚ ਪਾਸਪੋਰਟ ਦਫਤਰ ਤੋਂ ਇਲਾਵਾ, ਇੰਡਸਟਰੀਅਲ ਏਰੀਆ ਫੇਜ਼ 2 ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੇ ਪੂਰੀ ਤਰ੍ਹਾਂ ਤਲਾਸ਼ੀ ਮੁਹਿੰਮ ਚਲਾਈ, ਦੋਵਾਂ ਥਾਵਾਂ ਦੀ ਤਲਾਸ਼ੀ ਲਈ। ਕੁੱਤਿਆਂ ਅਤੇ ਬੰਬ ਸਕੁਐਡ ਨੇ ਵੀ ਜਾਂਚ ਕੀਤੀ, ਪਰ ਕੋਈ ਵਿਸਫੋਟਕ ਸਮੱਗਰੀ ਬਰਾਮਦ ਨਹੀਂ ਹੋਈ। ਹਾਲਾਂਕਿ, ਤਿਉਹਾਰ ਦੇ ਮੱਦੇਨਜ਼ਰ ਪੁਲਿਸ ਪ੍ਰਸ਼ਾਸਨ ਚੌਕਸੀ ਰੱਖ ਰਿਹਾ ਹੈ।ਸੈਕਟਰ 34 ਅਤੇ ਇੰਡਸਟਰੀਅਲ ਏਰੀਆ ਫੇਜ਼ 2 ਵੱਲ ਜਾਣ ਵਾਲੀਆਂ ਸਾਰੀਆਂ ਸੜਕਾਂ ’ਤੇ ਨਾਕਾਬੰਦੀ ਸਖ਼ਤ ਕਰ ਦਿੱਤੀ ਗਈ ਹੈ। ਬਾਹਰੀ ਰਾਜਾਂ ਤੋਂ ਆਉਣ ਵਾਲੇ ਵਾਹਨ ਵਿਸ਼ੇਸ਼ ਨਿਗਰਾਨੀ ਹੇਠ ਹਨ। ਪੁਲਿਸ ਨੇ ਜਨਤਾ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਸ਼ੱਕੀ ਵਿਅਕਤੀ ਜਾਂ ਵਸਤੂ ਨੂੰ ਦੇਖਦੇ ਹੀ ਤੁਰੰਤ ਰਿਪੋਰਟ ਕਰਨ।

## ਖਾਮੇਨੇਈ ਦੀ ਮੌਤ ਮਗਰੋਂ ਕਸ਼ਮੀਰ ’ਚ ਵਿਰੋਧ ਪ੍ਰਦਰਸ਼ਨ; ਸ੍ਰੀਨਗਰ ਦਾ ਲਾਲ ਚੌਕ ਸੀਲ, ਇੰਟਰਨੈੱਟ ਸੇਵਾਵਾਂ ਬੰਦ

**ਸ੍ਰੀਨਗਰ, 2 ਮਾਰਚ (ਆਵਾਜ਼ਿ ਕੌਮ ਬਿਊਰੋ)**-ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਦੀ ਹੱਤਿਆ ਦੇ ਵਿਰੋਧ ਵਿੱਚ ਵਿਰੋਧ ਪ੍ਰਦਰਸ਼ਨਾਂ ਨੂੰ ਫੈਲਣ ਤੋਂ ਰੋਕਣ ਲਈ ਸ੍ਰੀਨਗਰ ਅਤੇ ਕਸ਼ਮੀਰ ਦੇ ਕਈ ਹੋਰ ਹਿੱਸਿਆਂ ਵਿੱਚ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਵਿਰੋਧ ਪ੍ਰਦਰਸ਼ਨਾਂ ਦਾ ਮੁੱਖ ਕੇਂਦਰ ਲਾਲ ਚੌਕ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ।ਮੋਬਾਈਲ ਇੰਟਰਨੈੱਟ ਸੇਵਾ ਮੁਅੱਤਲ ਕਰ ਦਿੱਤੀ ਗਈ ਹੈ, ਅਤੇ ਕਸ਼ਮੀਰ ਭਰ ਦੇ ਸਾਰੇ ਸਕੂਲ ਅਤੇ ਕਾਲਜ ਦੋ ਦਿਨਾਂ ਲਈ




ਬੰਦ ਕਰ ਦਿੱਤੇ ਗਏ ਹਨ। ਕਈ ਧਾਰਮਿਕ ਅਤੇ ਸਮਾਜਿਕ ਸਮੂਹਾਂ ਨੇ ਸੋਮਵਾਰ ਨੂੰ ਬੰਦ ਦਾ ਸੱਦਾ ਦਿੱਤਾ ਹੈ। ਪੀਡੀਪੀ ਨੇਤਾ ਮਹਿਬੂਬਾ ਮੁਫਤੀ ਨੇ ਵੀ ਬੰਦ ਦਾ ਸਮਰਥਨ ਕੀਤਾ ਹੈ। ਖਾਮੇਨੇਈ ਦੀ ਹੱਤਿਆ ਦੇ ਵਿਰੁੱਧ ਕਸ਼ਮੀਰ ਭਰ ਵਿੱਚ ਵੱਡੇ ਪੱਧਰ ’ਤੇ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਇਸ ਤੋਂ ਇਲਾਵਾ, ਸ੍ਰੀਨਗਰ ਵਿੱਚ ਸੰਯੁਕਤ ਰਾਸ਼ਟਰ ਫੌਜੀ ਆਬਜ਼ਰਵਰ ਸਮੂਹ ਦੇ ਮੁੱਖ ਦਫਤਰ ਦੇ ਸਾਹਮਣੇ ਇੱਕ ਵੱਡੀ ਭੀੜ ਇਕੱਠੀ ਹੋਈ ਅਤੇ ਅਮਰੀਕਾ, ਇਜ਼ਰਾਈਲ ਅਤੇ ਇਸਦੇ ਸਹਿਯੋਗੀਆਂ ਵਿਰੁੱਧ ਨਾਅਰੇਬਾਜ਼ੀ ਕੀਤੀ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵਾਦੀ ਵਿੱਚ ਵਿਆਪਕ ਵਿਰੋਧ ਪ੍ਰਦਰਸ਼ਨਾਂ ਵਿਚਕਾਰ ਸ਼ਾਂਤੀ ਦੀ ਅਪੀਲ ਕੀਤੀ ਹੈ। ਅਬਦੁੱਲਾ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਈਰਾਨ ਵਿੱਚ ਵਿਦਿਆਰਥੀਆਂ ਸਮੇਤ ਜੰਮੂ-ਕਸ਼ਮੀਰ ਦੇ ਨਿਵਾਸੀਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਵਿਦੇਸ਼ ਮੰਤਰਾਲੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਖੇਤਰ ਵਿੱਚ ਵੱਡੀ ਗਿਣਤੀ ਵਿੱਚ ਪੁਲਿਸ ਅਤੇ ਅਰਧ ਸੈਨਿਕ ਬਲ ਤਾਇਨਾਤ ਕੀਤੇ ਗਏ ਸਨ, ਅਤੇ ਜੰਮੂ-ਕਸ਼ਮੀਰ ਦੇ ਪੁਲਿਸ ਡਾਇਰੈਕਟਰ ਜਨਰਲ ਨਲਿਨ ਪ੍ਰਭਾਤ ਸਮੇਤ ਉੱਚ ਅਧਿਕਾਰੀ ਪ੍ਰਦਰਸ਼ਨ ਸਥਾਨਾਂ ’ਤੇ ਨਿੱਜੀ ਤੌਰ ’ਤੇ ਮੌਜੂਦ ਸਨ। ਕਿਸੇ ਵੀ ਅਣਸੁਖਾਵੀਂ ਘਟਨਾ ਜਾਂ ਹਿੰਸਾ ਦੀ ਕੋਈ ਰਿਪੋਰਟ ਨਹੀਂ ਮਿਲੀ, ਕਿਉਂਕਿ ਵਿਰੋਧ ਪ੍ਰਦਰਸ਼ਨ ਪੂਰੀ ਤਰ੍ਹਾਂ ਸ਼ਾਂਤੀਪੂਰਨ ਰਹੇ।ਵੱਡੀ ਗਿਣਤੀ ਵਿੱਚ ਔਰਤਾਂ ਅਤੇ ਬੱਚਿਆਂ ਨੇ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ, ਜਿਨ੍ਹਾਂ ਨੇ ਖਾਮੇਨੀ ਦੀਆਂ ਤਸਵੀਰਾਂ ਅਤੇ ਝੰਡੇ ਫੜੇ ਹੋਏ ਸਨ। ਸੋਗ ਮਨਾਉਣ ਵਾਲਿਆਂ ਨੇ ਆਪਣੇ ਧਾਰਮਿਕ ਆਗੂ ਦੀ ਹੱਤਿਆ ’ਤੇ ਆਪਣੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਆਪਣੀਆਂ ਛਾਤੀਆਂ ਪਿੱਟੀਆਂ। ਲਾਲ ਚੌਕ ’ਤੇ ਇੱਕ ਮਹਿਲਾ ਪ੍ਰਦਰਸ਼ਨਕਾਰੀ ਨੇ ਕਿਹਾ, “ਉਹ (ਖਾਮੇਨੀ) ਮੈਨੂੰ ਮੇਰੇ ਮਾਪਿਆਂ ਨਾਲੋਂ ਵੀ ਪਿਆਰੇ ਸਨ। ਇਹ ਇੱਕ ਨਾ ਪੂਰਾ ਹੋਣ ਵਾਲਾ ਨੁਕਸਾਨ ਹੈ। ਉਨ੍ਹਾਂ ਨੇ ਉਸਨੂੰ ਸ਼ਹੀਦ ਕਰ ਦਿੱਤਾ ਕਿਉਂਕਿ ਉਹ ਇਸਲਾਮ ਦਾ ਸਭ ਤੋਂ ਵੱਡਾ ਥੰਮ੍ਹ ਸੀ।” ਉਸਦੇ ਨਾਲ ਉਸਦਾ ਪਤੀ ਅਤੇ ਅੱਠ ਸਾਲ ਦਾ ਪੁੱਤਰ ਵੀ ਸੀ।

## ਸ੍ਰੀ ਅਨੰਦਪੁਰ ਸਾਹਿਬ ’ਚ ਕੌਮੀ ਤਿਉਹਾਰ ਹੋਲਾ ਮਹੱਲਾ ਮੌਕੇ ਨੌਜਵਾਨਾਂ ਨੇ ਸੰਗਤ ਲਈ ਲਾਇਆ ਇਹ ਅਨੋਖਾ ਲੰਗਰ

**ਸ੍ਰੀ ਅਨੰਦਪੁਰ ਸਾਹਿਬ, 2 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਆਨੰਦਪੁਰ ਸਾਹਿਬ ਵਿੱਚ ਕੌਮੀ ਤਿਉਹਾਰ ਹੋਲਾ ਮਹੱਲਾ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਪਹੁੰਚ ਰਹੀ ਹੈ। ਜਿੱਥੇ ਇੱਕ ਪਾਸੇ ਅਨੇਕਾਂ ਥਾਵਾਂ ‘ਤੇ ਵੱਖ-ਵੱਖ ਪ੍ਰਕਾਰ ਦੇ ਲੰਗਰ ਲਗਾ ਕੇ ਸੰਗਤ ਦੀ ਸੇਵਾ ਕੀਤੀ ਜਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਕੁਝ ਜਜ਼ਬੇ ਨਾਲ ਭਰੇ ਨੌਜਵਾਨ ਇਕ ਅਨੋਖੀ ਅਤੇ ਪ੍ਰੇਰਣਾਦਾਇਕ ਸੇਵਾ ਨਿਭਾ ਰਹੇ ਹਨ, ਜੋ ਸੱਚੇ ਅਰਥਾਂ ਵਿੱਚ ਮਨੁੱਖਤਾ ਦੀ



ਮਿਸਾਲ ਬਣ ਰਹੀ ਹੈ। ਇਹ ਨੌਜਵਾਨ ਉਹਨਾਂ ਸ਼ਰਧਾਲੂਆਂ ਲਈ ਮੁਫ਼ਤ ਮੁਰੰਮਤ ਸੇਵਾ ਕਰ ਰਹੇ ਹਨ ਜਿਨ੍ਹਾਂ ਦੀਆਂ ਜੁੱਤੀਆਂ ਟੁੱਟ ਜਾਂਦੀਆਂ ਹਨ ਜਾਂ ਬੈਗ ਫਟ ਜਾਂਦੇ ਹਨ। ਹੋਲਾ ਮਹੱਲਾ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਪੈਦਲ ਯਾਤਰਾ ਕਰਦੀ ਹੈ, ਜਿਸ ਕਾਰਨ ਕਈਆਂ ਦੀਆਂ ਜੁੱਤੀਆਂ ਟੁੱਟ ਜਾਂਦੀਆਂ ਹਨ ਜਾਂ ਸਮਾਨ ਵਾਲੇ ਬੈਗ ਖਰਾਬ ਹੋ ਜਾਂਦੇ ਹਨ।ਅਜਿਹੇ ਵੇਲੇ ਇਹ ਨੌਜਵਾਨ ਤੁਰੰਤ ਮੌਕੇ ‘ਤੇ ਹੀ ਸਿਲਾਈ ਮਸ਼ੀਨਾਂ ਅਤੇ ਹੋਰ ਸਾਜੋ-ਸਾਮਾਨ ਨਾਲ ਸੇਵਾ ਵਿੱਚ ਜੁਟੇ ਨਜ਼ਰ ਆਉਂਦੇ ਹਨ। ਬਿਨਾਂ ਕਿਸੇ ਲਾਭ ਦੀ ਇੱਛਾ ਤੋਂ, ਇਹ ਸੇਵਾ ਪੂਰੀ ਤਰ੍ਹਾਂ ਨਿਸ਼ਕਾਮ ਭਾਵਨਾ ਨਾਲ ਕੀਤੀ ਜਾ ਰਹੀ ਹੈ।

ਸੇਵਾ ਕਰ ਰਹੇ ਨੌਜਵਾਨਾਂ ਦਾ ਕਹਿਣਾ ਹੈ ਕਿ ਉਹ ਹਰ ਸਾਲ ਹੋਲਾ ਮਹੱਲਾ ਮੌਕੇ ਇੱਥੇ ਆ ਕੇ ਸੰਗਤ ਦੀ ਸਹੂਲਤ ਲਈ ਇਹ ਉਪਰਾਲਾ ਕਰਦੇ ਹਨ। ਉਹਨਾਂ ਦੇ ਅਨੁਸਾਰ, ਸੰਗਤ ਦੀ ਸੁਖ-ਸੁਵਿਧਾ ਅਤੇ ਆਸਾਨੀ ਹੀ ਉਹਨਾਂ ਲਈ ਸਭ ਤੋਂ ਵੱਡਾ ਇਨਾਮ ਹੈ।ਦਿਨ ਰਾਤ ਲਗਾਤਾਰ ਚੱਲ ਰਹੀ ਇਸ ਸੇਵਾ ਕਾਰਨ ਬਹੁਤ ਸਾਰੇ ਯਾਤਰੀਆਂ ਨੂੰ ਤੁਰੰਤ ਰਾਹਤ ਮਿਲ ਰਹੀ ਹੈ ਅਤੇ ਉਹ ਆਪਣੀ ਯਾਤਰਾ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰੱਖ ਸਕਦੇ ਹਨ। ਇਹ ਵਿਲੱਖਣ ਸੇਵਾ ਹੋਲਾ ਮਹੱਲਾ ਦੀ ਰੂਹ — ਸੇਵਾ, ਸਿਮਰਨ ਅਤੇ ਸੁਰੱਖਿਆ — ਨੂੰ ਹੋਰ ਮਜ਼ਬੂਤ ਕਰਦੀ ਦਿਖਾਈ ਦੇ ਰਹੀ ਹੈ।ਸਥਾਨਕ ਲੋਕਾਂ ਅਤੇ ਸੰਗਤ ਵੱਲੋਂ ਵੀ ਇਹਨਾਂ ਨੌਜਵਾਨਾਂ ਦੇ ਜਜ਼ਬੇ ਦੀ ਭਰਪੂਰ ਸਰਾਹਨਾ ਕੀਤੀ ਜਾ ਰਹੀ ਹੈ। ਇਸ ਪੂਰੇ ਪ੍ਰਬੰਧ ਦਾ ਜਾਇਜ਼ਾ ਸਾਡੇ ਪੱਤਰਕਾਰ ਬੀ.ਐਸ. ਚਾਨਾ ਵੱਲੋਂ ਮੌਕੇ ‘ਤੇ ਜਾ ਕੇ ਲਿਆ ਗਿਆ, ਜਿੱਥੇ ਇਹ ਸੇਵਾ ਨੌਜਵਾਨ ਪੂਰੀ ਲਗਨ ਅਤੇ ਸਮਰਪਣ ਨਾਲ ਨਿਭਾਉਂਦੇ ਹੋਏ ਨਜ਼ਰ ਆਏ।

## ਮੱਧ ਪ੍ਰਦੇਸ਼ ’ਚ ਲੋਕ ਸੇਵਾ ਕਮਿਸ਼ਨ ਵੱਲੋਂ ਲਈ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਬੱਚੀ ਦੀ ਦਸਤਾਰ ਤੇ ਕਿਰਪਾਨ ਲੁਹਾਉਣਾ ਮੰਦਭਾਗਾ- ਐਡਵੋਕੇਟ ਧਾਮੀ

**ਨਵੀਂ ਦਿੱਲੀ, 2 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:-ਮੱਧ ਪ੍ਰਦੇਸ਼ ਦੇ ਰਤਲਾਮ ਵਿਖੇ ਬੀਤੇ ਕੱਲ੍ਹ ਲੋਕ ਸੇਵਾ ਕਮਿਸ਼ਨ ਵੱਲੋਂ ਲਈ ਗਈ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਸਿੱਖ ਪ੍ਰੀਖਿਆਰਥੀ ਬੱਚੀ ਦੀ ਦਸਤਾਰ ਅਤੇ ਕਿਰਪਾਨ ਲੁਹਾਉਣ ਦੇ ਮਾਮਲੇ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਧਰਮ ਦੇ ਸਿਧਾਂਤਾਂ ਅਤੇ ਰਵਾਇਤਾਂ ਤੋਂ ਸਾਰੇ ਦੇਸ਼ ਦੇ ਲੋਕ ਚੰਗੀ



ਤਰ੍ਹਾਂ ਜਾਣੂ ਹਨ ਅਤੇ ਸਿੱਖ ਕਕਾਰਾਂ ਤੋਂ ਵੀ ਲੋਕਾਂ ਨੂੰ ਕਿਸੇ ਕਿਸਮ ਦੀ ਅਗਿਆਨਤਾ ਨਹੀਂ ਹੈ। ਪ੍ਰੰਤੂ ਇਸ ਦੇ ਬਾਵਜੂਦ ਵੀ ਕਕਾਰਾਂ ’ਤੇ ਸਵਾਲ ਚੁੱਕਣੇ ਦੁਖਦਾਈ ਹਨ। ਬਾਰ-ਬਾਰ ਸਿੱਖ ਬੱਚਿਆਂ ਨੂੰ ਪ੍ਰੀਖਿਆਵਾਂ ਵਿਚ ਕਕਾਰ ਪਹਿਨਣ ਤੋਂ ਰੋਕਣਾ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ ਅਤੇ ਸਿੱਖਾਂ ਨੂੰ ਆਪਣੇ ਹੀ ਦੇਸ਼ ਅੰਦਰ ਬੇਗਾਨਗੀ ਦਾ ਅਹਿਸਾਸ ਕਰਾਉਣ ਵਾਂਗ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਭਾਵੇਂ ਕਿ ਪ੍ਰੀਖਿਆ ਸਟਾਫ਼ ਵੱਲੋਂ ਮੁਆਫ਼ੀ ਮੰਗ ਲਈ ਗਈ ਹੈ, ਪ੍ਰੰਤੂ ਅਜਿਹਾ ਵਾਪਰਨ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਅਜਿਹੀਆਂ ਘਟਨਾਵਾਂ ਪ੍ਰਤੀ ਆਪਣੇ ਜਨਰਲ ਇਜਲਾਸ ਦੌਰਾਨ ਵਿਸ਼ੇਸ਼ ਮਤੇ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜੇ ਜਾਂਦੇ ਹਨ, ਜਿਸ ’ਤੇ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਹਰ ਸੂਬੇ ਦੀ ਸਰਕਾਰ ਨੂੰ ਸਿੱਖਾਂ ਦੇ ਕਕਾਰਾਂ ਅਤੇ ਧਾਰਮਿਕ ਚਿੰਨ੍ਹਾਂ ਬਾਰੇ ਇਹ ਆਦੇਸ਼ ਜਾਰੀ ਕਰੇ ਕਿ ਕਿਸੇ ਵੀ ਪ੍ਰੀਖਿਆ ਦੌਰਾਨ ਸਿੱਖ ਕਕਾਰਾਂ ਦਾ ਸਨਮਾਨ ਬਹਾਲ ਰੱਖਿਆ ਜਾਵੇ ਅਤੇ ਜੇ ਕੋਈ ਇਸ ਦੀ ਉਲੰਘਣਾ ਕਰੇ ਤਾਂ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net



ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for **AWAZE QAUM** Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ




ਕਾਰ ਸੇਵਾ ਸੰਪਰਦਾਇ ਸਰਹਾਲੀ ਸਾਹਿਬ
ਸੰਤ ਬਾਬਾ ਹਾਕਮ ਸਿੰਘ ਜੀ
ਸੰਤ ਬਾਬਾ ਸੁੱਖਾ ਸਿੰਘ ਜੀ
ਦੇ ਉਪਰਾਲੇ ਸਦਕਾ



ਸੰਤ ਬਾਬਾ ਹਾਕਮ ਸਿੰਘ ਜੀ



ਸੰਤ ਬਾਬਾ ਸੁੱਖਾ ਸਿੰਘ ਜੀ

# ਮਹਾਨ ਹੋਲਾ ਮਹੱਲਾ ਸਮਾਗਮ

ਮਿਤੀ
3 ਮਾਰਚ 2026
ਸਮਾਂ:
ਰਾਤ 8 ਤੋਂ 10 ਵਜੇ

ਮਿਤੀ
4 ਮਾਰਚ 2026
ਸਮਾਂ:
ਦਿਨੇ 12 ਤੋਂ 3 ਵਜੇ

ਗੁਰਦੁਆਰਾ ਸਾਹਿਬ ਭਾਈ ਬਾਲਾ ਸੰਧੂ ਜੀ
ਬੰਗਲਾ ਪੰਡੋਰਾ ਸ਼ਿਵਪੁਰੀ
ਨੇੜੇ ਗਵਾਲੀਅਰ ਮੱਧ ਪ੍ਰਦੇਸ਼ ਵਿੱਚ

ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ
ਧਾਰਮਿਕ ਦੀਵਾਨ ਸਜਾਉਣਗੇ

ਅੰਮ੍ਰਿਤ ਸੰਚਾਰ
5 ਮਾਰਚ ਨੂੰ
ਸਵੇਰੇ 11 ਵਜੇ
ਹੋਵੇਗਾ

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ

ਸਰਬੱਤ ਸੰਗਤਾਂ ਵਹੀਰਾਂ ਘੱਤ ਕੇ ਪੁੱਜੋ ਅਤੇ ਗੁਰਬਾਣੀ ਗੁਰਇਤਿਹਾਸ ਦਾ ਲਾਹਾ ਪ੍ਰਾਪਤ ਕਰੋ ਜੀ



ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ

ਬੇਨਤੀ ਕਰਤਾ - ਸਮੂੰਹ ਸੇਵਾਦਾਰ ਸਾਧ ਸੰਗਤ ਕਾਰ ਸੇਵਾ ਸੰਪਰਦਾਇ ਸਰਹਾਲੀ ਸਾਹਿਬ ਅਤੇ ਇਲਾਕਾ ਨਿਵਾਸੀ


Vehicle360
Professional Car Repairs & Servicing
West Bromwich
CAR SERVICES – ALL MAKES & MODELS
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
FREE VEHICLE HEALTH CHECK
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ AWAZE QAUM
International Newspaper & WEB TV

### ਭਾਈ ਨਿੱਝਰ ਕਤਲ ਮਾਮਲੇ 'ਚ ਵੈਨਕੂਵਰ ਸ਼ਰਾਫ਼ਤਖਾਨੇ ਦੇ

# ਭਾਰਤੀ ਅਧਿਕਾਰੀਆਂ ਨਾਲ ਸਬੰਧਾਂ ਦੇ ਦਿੱਤੇ ਗਏ ਸਨ ਸਬੂਤ

**ਨਵੀਂ ਦਿੱਲੀ, 2 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- ਕੈਨੇਡਾ ਦੀ ਇਕ ਪ੍ਰਮੁੱਖ ਅਖ਼ਬਾਰ ਨੂੰ ਦੋ ਸੂਤਰਾਂ ਨੇ ਦੱਸਿਆ ਕਿ ਕੈਨੇਡੀਅਨ ਰਾਸ਼ਟਰੀ ਸੁਰੱਖਿਆ ਅਧਿਕਾਰੀਆਂ ਨੂੰ ਸਬੂਤ ਪੇਸ਼ ਕੀਤੇ ਗਏ ਸਨ ਕਿ ਵੈਨਕੂਵਰ ਵਿੱਚ ਕੰਮ ਕਰ ਰਹੇ ਭਾਰਤੀ ਕੌਂਸਲਰ ਸਟਾਫ ਕੰਵਲਜੀਤ ਸਿੰਘ ਨੇ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਸਹਾਇਤਾ ਲਈ ਜਾਣਕਾਰੀ ਸਪਲਾਈ ਕੀਤੀ ਸੀ। ਸੂਤਰਾਂ ਨੇ ਦੱਸਿਆ ਕਿ ਇੱਕ ਭਾਰਤੀ ਅਧਿਕਾਰੀ ਕੌਂਸਲੇਟ ਵਿੱਚ ਵੀਜ਼ਾ ਅਧਿਕਾਰੀ ਵਜੋਂ ਕੰਮ ਕਰਦਾ ਸੀ, ਜਿਸਨੇ ਆਪਣੇ ਅਹੁਦੇ ਦੀ ਵਰਤੋਂ ਕਰਦਿਆਂ ਸਰੀ, ਬੀਸੀ ਵਿੱਚ ਭਾਰਤੀ ਡਾਇਸਪੋਰਾ ਦੇ ਮੈਂਬਰਾਂ ਤੋਂ ਸ੍ਰੀ ਨਿੱਝਰ ਬਾਰੇ ਜਾਣਕਾਰੀ ਇਕੱਠੀ ਕੀਤੀ, ਜਿਨ੍ਹਾਂ ਵਿੱਚੋਂ ਇੱਕ ਕਾਨੂੰਨ ਲਾਗੂ ਕਰਨ ਵਾਲੇ ਅਤੇ ਇੱਕ ਰਾਸ਼ਟਰੀ ਸੁਰੱਖਿਆ ਵਿੱਚ ਹੈ। ਕਾਨੂੰਨ ਲਾਗੂ ਕਰਨ ਵਾਲੇ ਸੂਤਰ ਨੇ ਕਿਹਾ ਕਿ ਕੰਵਲਜੀਤ ਸਿੰਘ ਨਾਮ ਦਾ ਇਹ ਵਿਅਕਤੀ ਭਾਰਤ ਦੀ ਬਾਹਰੀ ਖੁਫੀਆ ਏਜੰਸੀ ਜਾਂ ਰਾਅ ਦਾ ਇੱਕ ਖੁਫੀਆ ਅਧਿਕਾਰੀ ਵੀ ਸੀ। ਦੋਵਾਂ ਸੂਤਰਾਂ ਨੇ ਦੱਸਿਆ ਕਿ ਕੰਵਲਜੀਤ ਸਿੰਘ ਨੇ ਉਸ ਸਮੇਂ ਵੈਨਕੂਵਰ ਦੇ ਕੌਂਸਲ-ਜਨਰਲ ਮਨੀਸ਼ ਨਾਲ ਕੰਮ ਕੀਤਾ ਸੀ । ਜਦੋਂ ਓਟਾਵਾ ਨੇ ਭਾਰਤ ਦੇ ਏਜੰਟਾਂ 'ਤੇ ਇਸ ਕਤਲ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ, ਪਰ ਨਿੱਝਰ ਸਾਜ਼ਿਸ਼ ਵਿੱਚ ਕੌਂਸਲਰ ਅਧਿਕਾਰੀਆਂ ਦੀ ਪਛਾਣ ਅਤੇ ਉਨ੍ਹਾਂ ਦੀਆਂ ਕਥਿਤ ਭੂਮਿਕਾਵਾਂ ਦਾ ਕਦੇ ਵੀ ਜਨਤਕ ਤੌਰ 'ਤੇ ਖੁਲਾਸਾ ਨਹੀਂ ਕੀਤਾ ਗਿਆ। ਸੰਘੀ ਸਰਕਾਰ ਨੇ ਅਕਤੂਬਰ, 2024 ਵਿੱਚ ਛੇ ਡਿਪਲੋਮੈਟਾਂ ਨੂੰ ਕੱਢ ਦਿੱਤਾ ਸੀ ਅਤੇ ਜਨਤਕ ਤੌਰ 'ਤੇ ਸਿਰਫ ਉਸ ਸਮੇਂ ਦੇ ਹਾਈ ਕਮਿਸ਼ਨਰ ਸੰਜੇ ਵਰਮਾ ਦਾ ਨਾਮ ਲਿਆ ਗਿਆ ਸੀ। ਉਸ ਸਮੇਂ ਦ ਕੈਨੇਡੀਅਨ ਪ੍ਰੈਸ ਨੇ ਰਿਪੋਰਟ ਦਿੱਤੀ ਸੀ ਕਿ ਕੰਵਲਜੀਤ ਸਿੰਘ ਪਹਿਲਾਂ ਕੈਨੇਡੀਅਨ ਸਰਕਾਰ ਦੀ ਮਾਨਤਾ ਪ੍ਰਾਪਤ ਡਿਪਲੋਮੈਟਾਂ ਦੀ ਸੂਚੀ ਵਿੱਚ ਸਨ, ਅਤੇ ਬਰਖਾਸਤਗੀ ਤੋਂ ਬਾਅਦ ਉਨ੍ਹਾਂ ਦਾ ਨਾਮ ਹਟਾ ਦਿੱਤਾ ਗਿਆ ਸੀ। ਭਾਈ ਹਰਦੀਪ ਸਿੰਘ ਨਿੱਝਰ ਨੂੰ 18 ਜੂਨ, 2023 ਨੂੰ ਸਰੀ, ਬੀਸੀ ਦੇ ਇੱਕ ਗੁਰਦੁਆਰੇ ਦੀ ਪਾਰਕਿੰਗ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਕੰਵਲਜੀਤ ਸਿੰਘ ਜਿਨ੍ਹਾਂ ਨੂੰ ਕੈਨੇਡਾ ਤੋਂ ਕੱਢੇ ਜਾਣ ਤੋਂ ਬਾਅਦ ਕਿੱਥੇ ਰੱਖਿਆ ਗਿਆ ਸੀ, ਇਸਦਾ ਪਤਾ ਨਹੀਂ ਲਗ ਸਕਿਆ ਹੈ ਅਤੇ ਮਨੀਸ਼ ਨੂੰ ਸਾਈਪ੍ਰਸ ਦਾ ਰਾਜਦੂਤ ਬਣਾ ਦਿੱਤਾ ਗਿਆ ਹੈ । ਦੋਵਾਂ ਸੂਤਰਾਂ ਨੇ ਦੱਸਿਆ ਕਿ ਭਾਈ ਨਿੱਝਰ ਬਾਰੇ ਜਾਣਕਾਰੀ ਨਵੀਂ ਦਿੱਲੀ ਵਿੱਚ ਇੱਕ ਹੋਰ ਰਾਅ ਅਧਿਕਾਰੀ ਨੂੰ ਦਿੱਤੀ ਗਈ ਸੀ ਅਤੇ ਉਸ ਅਧਿਕਾਰੀ ਨੇ ਲਾਰੈਂਸ ਬਿਸ਼ਨੋਈ ਸੰਗਠਿਤ- ਅਪਰਾਧ ਸਮੂਹ ਨਾਲ ਸੰਪਰਕ ਕੀਤਾ, ਜੋ ਕਿ ਇੱਕ ਪ੍ਰਮੁੱਖ ਭਾਰਤੀ ਗਿਰੋਹ ਹੈ ਜਿਹੜਾ ਕੈਨੇਡਾ ਵਿੱਚ ਜਬਰਦਸਤੀ ਅਤੇ ਹੋਰ ਅਪਰਾਧਾਂ ਲਈ ਜ਼ਿੰਮੇਵਾਰ ਹੈ। ਸੂਤਰਾਂ ਨੇ ਦੱਸਿਆ ਕਿ ਗਿਰੋਹ ਦੇ ਇੱਕ ਕੈਨੇਡਾ-ਅਧਾਰਤ ਮੈਂਬਰ ਨੇ ਫਿਰ ਸਪੱਸ਼ਟ ਸਿੱਖ ਕਾਰਕੁਨ ਦੀ ਹੱਤਿਆ ਦਾ ਪ੍ਰਬੰਧ ਕਰਨ ਵਿੱਚ ਮਦਦ ਕੀਤੀ ਸੀ । ਦੋ ਸੂਤਰਾਂ ਨੇ ਕਿਹਾ ਕਿ ਨਵੀਂ ਦਿੱਲੀ ਦਾ ਅਧਿਕਾਰੀ ਵਿਕਾਸ ਯਾਦਵ ਸੀ, ਜਿਸ ਨੂੰ ਅਮਰੀਕਾ ਦੇ ਇੱਕ ਦੋਸ਼ ਵਿੱਚ ਇੱਕ ਹੋਰ ਸਿੱਖ ਕਾਰਕੁਨ, ਜੋ ਕਿ ਸ੍ਰੀ ਨਿੱਝਰ ਦਾ ਸਾਥੀ ਸੀ, ਦੇ ਕਤਲ ਦੀ ਨਾਕਾਮ ਸਾਜ਼ਿਸ਼ ਦੇ ਪਿੱਛੇ ਮਾਸਟਰਮਾਈਂਡ ਵਜੋਂ ਨਾਮਜ਼ਦ ਕੀਤਾ ਗਿਆ ਹੈ। ਰਾਸ਼ਟਰੀ ਸੁਰੱਖਿਆ ਸਰੋਤ ਦੇ ਅਨੁਸਾਰ, ਜੁਲਾਈ 2023 ਦੇ ਅਖੀਰ ਵਿੱਚ, ਕੈਨੇਡੀਅਨ ਅਧਿਕਾਰੀਆਂ ਨੂੰ ਇਸ ਕਤਲ ਵਿੱਚ ਭਾਰਤ ਸਰਕਾਰ ਦੀ ਕਥਿਤ ਭੂਮਿਕਾ ਬਾਰੇ ਸੁਚੇਤ ਕੀਤਾ ਗਿਆ ਸੀ। ਸੂਤਰ ਨੇ ਕਿਹਾ ਕਿ ਕੈਨੇਡਾ ਨੂੰ ਜਾਣਕਾਰੀ ਮਿਲੀ ਸੀ ਕਿ ਨਵੀਂ ਦਿੱਲੀ ਵਿੱਚ ਭਾਰਤੀ ਅਧਿਕਾਰੀਆਂ ਨੇ ਸ੍ਰੀ ਨਿੱਝਰ ਅਤੇ ਹੋਰ ਸਿੱਖ ਵੱਖਵਾਦੀਆਂ ਨੂੰ ਮਾਰਨ ਦੀ ਸਾਜ਼ਿਸ਼ ਰਚੀ ਹੈ। ਸੂਤਰ ਨੇ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਨੂੰ ਵਾਇਰਟੈਪ ਰਾਹੀਂ ਇਕੱਠੀ ਕੀਤੀ ਗਈ ਜਾਣਕਾਰੀ ਵੀ ਮਿਲੀ ਜਿਸ ਵਿੱਚ ਇੱਕ ਗੱਲਬਾਤ ਕੈਦ ਕੀਤੀ ਗਈ ਸੀ ਜਿਸ ਵਿੱਚ ਦੱਸਿਆ ਗਿਆ ਸੀ ਕਿ ਕਿਵੇਂ ਸ੍ਰੀ ਨਿੱਝਰ ਨੂੰ ਸਫਲਤਾਪੂਰਵਕ ਖਤਮ ਕੀਤਾ ਗਿਆ ਸੀ। ਸਤੰਬਰ, 2023 ਵਿੱਚ, ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਨੂੰ ਦੱਸਿਆ ਸੀ ਕਿ ਕੈਨੇਡੀਅਨ ਖੁਫੀਆ ਏਜੰਸੀਆਂ ਭਾਰਤੀ ਸਰਕਾਰੀ ਏਜੰਟਾਂ ਅਤੇ ਸ੍ਰੀ ਨਿੱਝਰ ਦੀ ਹੱਤਿਆ ਵਿਚਕਾਰ "ਸੰਭਾਵੀ ਸਬੰਧ ਦੇ ਭਰੋਸੇਯੋਗ ਦੋਸ਼ਾਂ ਦਾ ਪਿੱਛਾ" ਕਰ ਰਹੀਆਂ ਸਨ। ਉਸੇ ਦਿਨ, ਉਸ ਸਮੇਂ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਐਲਾਨ ਕੀਤਾ ਕਿ ਉਸਨੇ ਪਵਨ ਕੁਮਾਰ ਰਾਏ ਨੂੰ ਕੱਢ ਦਿੱਤਾ ਹੈ, ਜਿਸਨੂੰ ਸ਼੍ਰੀਮਤੀ ਜੋਲੀ ਨੇ ਕੈਨੇਡਾ ਵਿੱਚ ਭਾਰਤ ਦੀ ਵਿਦੇਸ਼ੀ ਖੁਫੀਆ ਏਜੰਸੀ ਦਾ ਮੁਖੀ ਦੱਸਿਆ ਸੀ। ਕਾਨੂੰਨ ਲਾਗੂ ਕਰਨ ਵਾਲੇ ਸੂਤਰ ਨੇ ਕਿਹਾ ਕਿ ਆਰਸੀਐਮਪੀ ਨੇ ਸਬੂਤ ਇਕੱਠੇ ਕੀਤੇ ਕਿ ਸ੍ਰੀ ਸਿੰਘ, ਕਈ ਵਾਰ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ ਪ੍ਰੌਕਸੀਆਂ ਨਾਲ ਕੰਮ ਕਰਦੇ ਹੋਏ, ਭਾਈ ਨਿੱਝਰ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਜ਼ਬਰਦਸਤੀ ਅਤੇ ਰਿਸ਼ਵਤਖੋਰੀ ਦੀ ਵਰਤੋਂ ਕਰਦੇ ਸਨ, ਅਤੇ ਭਾਰਤ ਵਿੱਚ ਪਰਿਵਾਰ ਨੂੰ ਮਿਲਣ ਜਾਣ ਦੇ ਚਾਹਵਾਨਾਂ ਨੂੰ ਭਾਰਤੀ ਯਾਤਰਾ ਵੀਜ਼ਾ ਜਾਰੀ ਕਰਨ ਲਈ ਆਪਣੇ ਅਧਿਕਾਰ ਦੀ ਵਰਤੋਂ ਕਰਦੇ ਸਨ। ਸੂਤਰ ਨੇ ਕਿਹਾ ਕਿ ਕੁਝ ਜਿਨ੍ਹਾਂ ਨੇ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ, ਉਨ੍ਹਾਂ ਨੂੰ ਭਾਰਤ ਵਿੱਚ ਉਨ੍ਹਾਂ ਦੇ ਰਿਸ਼ਤੇਦਾਰਾਂ ਲਈ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ ਸੀ । ਕਾਨੂੰਨ ਲਾਗੂ ਕਰਨ ਵਾਲੇ ਸੂਤਰ ਨੇ ਦੱਸਿਆ ਕਿ ਜਾਂਚਕਰਤਾਵਾਂ ਨੇ ਕੰਵਲਜੀਤ ਸਿੰਘ ਨੂੰ ਦੇਰ ਸ਼ਾਮ ਡਾਊਨਟਾਊਨ ਵੈਨਕੂਵਰ ਕੌਂਸਲੇਟ ਦਾ ਦੌਰਾ ਕਰਦੇ ਦੇਖਿਆ। ਰਾਸ਼ਟਰੀ ਸੁਰੱਖਿਆ ਸੂਤਰ ਨੇ ਕਿਹਾ ਕਿ ਇਸ ਗੱਲ ਦੇ ਵੀ ਸਬੂਤ ਇਕੱਠੇ ਕੀਤੇ ਗਏ ਹਨ ਕਿ ਕੰਵਲਜੀਤ ਸਿੰਘ ਨੇ ਭਾਈ ਨਿੱਝਰ ਬਾਰੇ ਜਾਣਕਾਰੀ ਨਵੀਂ ਦਿੱਲੀ ਵਾਪਸ ਭੇਜੀ ਸੀ। ਦੋਵਾਂ ਸੂਤਰਾਂ ਨੇ ਅਖ਼ਬਾਰ ਨੂੰ ਦੱਸਿਆ ਕਿ ਕੈਨੇਡੀਅਨ ਅਧਿਕਾਰੀਆਂ ਦਾ ਮੰਨਣਾ ਹੈ ਕਿ ਰਾਅ ਅਧਿਕਾਰੀ ਵਿਕਾਸ ਯਾਦਵ ਨੇ ਇਹ ਖੁਫੀਆ ਜਾਣਕਾਰੀ ਅਤੇ ਪੈਸਾ ਬਿਸ਼ਨੋਈ ਸਮੂਹ ਨੂੰ ਪਹੁੰਚਾਇਆ ਸੀ। ਅਮਰੀਕੀ ਵਕੀਲਾਂ ਨੇ ਅਦਾਲਤੀ ਦਸਤਾਵੇਜ਼ਾਂ ਵਿੱਚ ਦੋਸ਼ ਲਗਾਇਆ ਹੈ ਕਿ ਵਿਕਾਸ ਯਾਦਵ ਨੇ ਭਾਈ ਨਿੱਝਰ ਦੀ ਲਾਸ਼ ਦਾ ਇੱਕ ਨਿੱਜੀ ਵੀਡੀਓ ਇੱਕ ਅਜਿਹੇ ਵਿਅਕਤੀ ਨਾਲ ਸਾਂਝਾ ਕੀਤਾ ਸੀ ਜਿਸਨੂੰ ਉਸਨੇ ਗੁਰਪਤਵੰਤ ਪੰਨੂ ਨੂੰ ਮਾਰਨ ਲਈ ਕਿਹਾ ਸੀ। ਦੋਵਾਂ ਸੂਤਰਾਂ ਨੇ ਦੱਸਿਆ ਕਿ ਵਿਕਾਸ ਯਾਦਵ ਨੇ ਬਿਸ਼ਨੋਈ ਗੈਂਗ ਦੇ ਮੈਂਬਰਾਂ ਨੂੰ ਉਨ੍ਹਾਂ ਚਾਰ ਕਥਿਤ ਬੰਦੂਕਧਾਰੀਆਂ ਨੂੰ ਕਿਰਾਏ 'ਤੇ ਲੈਣ ਲਈ ਲਗਾਇਆ ਜਿਨ੍ਹਾਂ 'ਤੇ ਭਾਈ ਨਿੱਝਰ 'ਤੇ ਗੋਲੀਬਾਰੀ ਕਰਨ ਦਾ ਦੋਸ਼ ਸੀ ਜਦੋਂ ਉਹ ਸਰੀ ਦੇ ਗੁਰੂ ਨਾਨਕ ਗੁਰਦੁਆਰੇ ਤੋਂ ਆਪਣਾ ਪਿਕਅੱਪ ਟਰੱਕ ਵਿਚ ਬੈਠੇ ਹੋਏ ਸਨ । ਕਾਨੂੰਨ ਲਾਗੂ ਕਰਨ ਵਾਲੇ ਸੂਤਰ ਨੇ ਕਿਹਾ ਕਿ ਕੰਵਲਜੀਤ ਸਿੰਘ ਅਤੇ ਮਨੀਸ਼ ਨੂੰ ਇਸ ਲਈ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਕਿਉਂਕਿ ਉਨ੍ਹਾਂ ਦੀ ਕੂਟਨੀਤਕ ਛੋਟ ਕਾਰਨ ਉਨ੍ਹਾਂ 'ਤੇ ਮੁਕੱਦਮਾ ਚਲਾਉਣਾ ਅਸੰਭਵ ਹੁੰਦਾ। ਭਾਈ ਨਿੱਝਰ ਦੇ ਕਤਲ ਤੋਂ ਤਿੰਨ ਹਫ਼ਤੇ ਬਾਅਦ ਮਨੀਸ਼ ਨੂੰ ਜੁਲਾਈ, 2023 ਵਿੱਚ ਅਧਿਕਾਰਤ ਤੌਰ 'ਤੇ ਸਾਈਪ੍ਰਸ ਵਿੱਚ ਭਾਰਤ ਦਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ ਜਦਕਿ ਉਹ ਮਈ, 2024 ਵਿੱਚ ਕੈਨੇਡਾ ਛੱਡ ਗਿਆ ਸੀ । ਕਾਨੂੰਨ ਲਾਗੂ ਕਰਨ ਵਾਲੇ ਸੂਤਰ ਦੇ ਅਨੁਸਾਰ ਕੰਵਲਜੀਤ ਸਿੰਘ ਨੂੰ 2024 ਵਿੱਚ ਕੱਢ ਦਿੱਤਾ ਗਿਆ ਸੀ ਕਿਉਂਕਿ ਆਰਸੀਐਮਪੀ ਨੇ ਭਾਈ ਨਿੱਝਰ ਦੀ ਮੌਤ ਦੀ ਗਹਿਰਾਈ ਨਾਲ ਜਾਂਚ ਕਰ ਰਹੀ ਸੀ । ਸੀਐਸਆਈਐਸ ਦੇ ਸਾਬਕਾ ਖੁਫੀਆ ਅਧਿਕਾਰੀ ਡੈਨ ਸਟੈਨਟਨ ਨੇ ਕਿਹਾ ਕਿ ਜੇਕਰ ਕੈਨੇਡਾ ਕੋਲ ਭਾਰਤੀ ਅਧਿਕਾਰੀਆਂ ਵਿਰੁੱਧ ਸਬੂਤ ਵਜੋਂ ਵਰਤਣ ਲਈ ਕਾਫ਼ੀ ਭਰੋਸੇਯੋਗ ਖੁਫੀਆ ਜਾਣਕਾਰੀ ਹੈ, ਤਾਂ ਇਸਨੂੰ ਅਪਰਾਧਿਕ ਮਾਮਲੇ ਵਿੱਚ ਸ਼ਾਮਲ ਕਰਨ ਦੀ ਲੋੜ ਹੈ। ਇਹ ਉਹ ਥਾਂ ਹੈ ਜਿੱਥੇ ਖੁਫੀਆ ਜਾਣਕਾਰੀ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਮੈਨੂੰ ਲੱਗਦਾ ਹੈ ਕਿ ਇਹ ਮਾਮਲਾ ਭਾਰਤ ਸਰਕਾਰ ਤੱਕ ਫੈਲਣਾ ਚਾਹੀਦਾ ਹੈ। ਜੇਕਰ ਸਰਕਾਰ ਸਿਰਫ਼ ਉਨ੍ਹਾਂ ਲੋਕਾਂ 'ਤੇ ਮੁਕੱਦਮਾ ਚਲਾਉਣ ਦੀ ਚੋਣ ਕਰਦੀ ਹੈ ਜਿਨ੍ਹਾਂ ਨੇ ਹਮਲਾ ਕੀਤਾ ਅਤੇ ਉੱਥੇ ਹੀ ਰੁਕ ਗਏ, ਤਾਂ ਇਹ ਇੱਕ ਵਿਦੇਸ਼ੀ ਰਾਜ ਨੂੰ ਸਾਡੇ ਨਾਗਰਿਕਾਂ ਨੂੰ ਮਾਰਨ ਅਤੇ ਖੁੱਲ੍ਹੀ ਛੁੱਟੀ ਪ੍ਰਾਪਤ ਕਰਨ ਦੀ ਇਜਾਜ਼ਤ ਦੇਵੇਗਾ। ਭਾਈ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਚਾਰ ਭਾਰਤੀ ਨਾਗਰਿਕਾਂ 'ਤੇ ਦੋਸ਼ ਲਗਾਏ ਗਏ ਹਨ। ਕਰਨਪ੍ਰੀਤ ਸਿੰਘ, ਕਰਨ ਬਰਾੜ, ਕਮਲਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ, ਸਾਰੇ 20 ਸਾਲ ਦੇ ਹਨ, ਨੂੰ ਫਸਟ-ਡਿਗਰੀ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਹ ਅਸਥਾਈ ਵੀਜ਼ੇ 'ਤੇ ਕੈਨੇਡਾ ਆਏ ਸਨ। ਕੈਨੇਡੀਅਨ ਸੰਘੀ ਨਿਆਂ ਵਿਭਾਗ ਆਪਣੇ ਆਉਣ ਵਾਲੇ ਕਤਲ ਮੁਕੱਦਮੇ ਵਿੱਚ "ਸੰਵੇਦਨਸ਼ੀਲ" ਰਾਸ਼ਟਰੀ- ਸੁਰੱਖਿਆ ਜਾਣਕਾਰੀ ਨੂੰ ਉਭਰਨ ਤੋਂ ਰੋਕਣ ਲਈ ਲੜ ਰਿਹਾ ਹੈ। ਫੈਡਰਲ ਅਦਾਲਤ ਨੂੰ ਦਿੱਤੀ ਗਈ ਇੱਕ ਅਰਜ਼ੀ ਵਿੱਚ, ਕੈਨੇਡਾ ਦੇ ਅਟਾਰਨੀ-ਜਨਰਲ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੇ ਕੁਝ ਸਬੂਤਾਂ ਨੂੰ ਰੋਕਣ ਦੀ ਇਜਾਜ਼ਤ ਮੰਗੀ, ਇਹ ਦਲੀਲ ਦਿੰਦੇ ਹੋਏ ਕਿ ਇਸਨੂੰ ਜਾਰੀ ਕਰਨਾ "ਅੰਤਰਰਾਸ਼ਟਰੀ ਸਬੰਧਾਂ ਅਤੇ ਰਾਸ਼ਟਰੀ ਸੁਰੱਖਿਆ ਲਈ ਨੁਕਸਾਨਦੇਹ ਹੋਵੇਗਾ।" ਜਾਂਚ ਦੇ ਨਤੀਜੇ ਵਜੋਂ ਕਿਸੇ ਵੀ ਡਿਪਲੋਮੈਟ ਜਾਂ ਕੌਂਸਲਰ ਸਟਾਫ 'ਤੇ ਦੋਸ਼ ਨਹੀਂ ਲਗਾਇਆ ਗਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਪੰਥ ਦੇ ਇਤਿਹਾਸਕ ਦਿਹਾੜੇ ਮਨਾਉਣ ਲਈ ਸਿੰਘ ਸਭਾਵਾਂ ਨੇ ਹਮੇਸ਼ਾਂ ਦਿੱਲੀ ਗੁਰਦੁਆਰਾ ਕਮੇਟੀ ਨੂੰ ਦਿੱਤਾ ਹੈ ਵਡਮੁੱਲਾ ਸਹਿਯੋਗ: ਕਾਲਕਾ, ਕਾਹਲੋਂ

ਨਵੀਂ ਦਿੱਲੀ, 2 ਮਾਰਚ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਪੰਥ ਦੇ ਇਤਿਹਾਸਕ ਦਿਹਾੜੇ ਮਨਾਉਣ ਲਈ ਦਿੱਲੀ ਦੀਆਂ ਸਮੂਹ ਸਿੰਘ ਸਭਾਵਾਂ ਨੇ ਹਮੇਸ਼ਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਡਮੁੱਲਾ ਸਹਿਯੋਗ ਦਿੱਤਾ ਹੈ। ਇੱਥੇ ਸਿੰਘ ਸਭਾਵਾਂ ਦੇ ਪ੍ਰਤੀਨਿਧੀਆਂ ਨਾਲ ਆਯੋਜਿਤ ਇਕ ਵਿਸ਼ਾਲ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਅਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਦਿੱਲੀ ਗੁਰਦੁਆਰਾ ਕਮੇਟੀ ਨੇ ਸੰਗਤ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦੁਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਇਆ, ਜਿਸਦੇ ਪ੍ਰੋਗਰਾਮ ਸਾਰਾ ਸਾਲ ਚੱਲਣਗੇ ਅਤੇ ਨਵੰਬਰ 2026 ਵਿੱਚ ਇਸਦਾ ਸਮਾਪਨ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਮੌਕੇ ਸੰਗਤ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਪ੍ਰੋਗਰਾਮ ਰੱਖਿਆ ਗਿਆ, ਜਿਸ ਵਿੱਚ ਸਿੰਘ ਸਭਾਵਾਂ ਨੇ ਵੱਡਾ ਸਹਿਯੋਗ ਦਿੱਤਾ। ਲੜੀਵਾਰ ਪਾਠਾਂ ਦਾ ਭੋਗ 25 ਨਵੰਬਰ 2025 ਨੂੰ ਲਾਲ ਕਿਲ੍ਹੇ 'ਤੇ ਪਾਇਆ ਗਿਆ, ਜਿਸ ਵਿੱਚ ਲੱਖਾਂ ਸੰਗਤਾਂ ਨੇ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਹੋਰ ਇਤਿਹਾਸਕ ਦਿਹਾੜੇ ਵੀ ਸੰਗਤ ਦੇ ਸਹਿਯੋਗ ਨਾਲ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਮਨਾਏ ਗਏ, ਜਿਨ੍ਹਾਂ ਵਿੱਚ ਸਿੰਘ ਸਭਾਵਾਂ ਦਾ ਵੱਡਾ ਯੋਗਦਾਨ ਰਿਹਾ। ਉਨ੍ਹਾਂ ਕਿਹਾ ਕਿ ਹਰ ਬੱਚੇ ਨੂੰ ਗੁਰਸਿੱਖੀ ਜੀਵਨ ਜਾਚ ਨਾਲ ਜੋੜਣ ਦੀ ਦਿੱਲੀ ਗੁਰਦੁਆਰਾ ਕਮੇਟੀ ਦੀ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਸਿੰਘ ਸਭਾਵਾਂ ਦਾ ਹਮੇਸ਼ਾਂ ਮਹੱਤਵਪੂਰਨ ਯੋਗਦਾਨ ਰਿਹਾ ਹੈ। ਉਨ੍ਹਾਂ ਖੁਸ਼ੀ ਜਤਾਈ ਕਿ ਜਦੋਂ ਵੀ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਕੋਈ ਪ੍ਰੋਗਰਾਮ ਆਯੋਜਿਤ ਕੀਤਾ ਜਾਂਦਾ ਹੈ ਤਾਂ ਸਾਰੀਆਂ ਸਿੰਘ ਸਭਾਵਾਂ ਦੇ ਪ੍ਰਬੰਧਕ ਵੱਧ-ਚੜ੍ਹ ਕੇ ਸਹਿਯੋਗ ਦਿੰਦੇ ਹਨ। ਉਨ੍ਹਾਂ ਆਸ ਜਤਾਈ ਕਿ ਆਉਣ ਵਾਲੀ ਵਿਸਾਖੀ ਦੇ ਇਤਿਹਾਸਕ ਮੌਕੇ 'ਤੇ ਕਮੇਟੀ ਵੱਲੋਂ ਕਰਵਾਏ ਜਾਣ ਵਾਲੇ ਅੰਮ੍ਰਿਤ ਸੰਚਾਰ ਸਮਾਗਮ ਲਈ ਵੀ ਸਾਰੀਆਂ ਸਿੰਘ ਸਭਾਵਾਂ ਵੱਧ-ਚੜ੍ਹ ਕੇ ਸਹਿਯੋਗ ਦੇਣਗੀਆਂ ਅਤੇ ਅਸੀਂ ਰਿਕਾਰਡ ਗਿਣਤੀ ਵਿੱਚ ਸੰਗਤ ਨੂੰ ਗੁਰੂ ਵਾਲਾ ਬਣਾਉਣ ਵਿੱਚ ਕਾਮਯਾਬ ਹੋਵਾਂਗੇ। ਇਸੇ ਤਰ੍ਹਾਂ ਫਤਿਹ ਦਿਵਸ ਸਬੰਧੀ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਹਰਵਿੰਦਰ ਸਿੰਘ ਕੇ.ਪੀ., ਉਪ ਪ੍ਰਧਾਨ ਆਤਮਾ ਸਿੰਘ ਲੁਬਾਣਾ, ਧਰਮ ਪ੍ਰਚਾਰ ਕਮੇਟੀ ਦੇ ਮੁਖੀ ਜਸਪ੍ਰੀਤ ਸਿੰਘ ਕਰਮਸਰ, ਸੀਨੀਅਰ ਮੈਂਬਰ ਐਮ.ਪੀ.ਐਸ. ਚੱਢਾ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਇੰਪਲਾਈਜ ਫੈਡਰੇਸ਼ਨ ਦੇ ਸੀਨੀਅਰ ਆਗੂ ਸ੍ਰੀ ਰਕੇਸ਼ ਕੁਮਾਰ ਨੇ ਵਿਦਾਇਗੀ ਮੌਕੇ ਸਨਮਾਨ ਚਿੰਨ੍ਹ ਮਿਲਣ ਤੇ ਬਿਜਲੀ ਮੁਲਾਜ਼ਮਾਂ ਦਾ ਕੀਤਾ ਧੰਨਵਾਦ

## ਸਤਿਕਾਰ ਚ ਮਿਲੇ ਸਨਮਾਨ ਚਿੰਨ੍ਹ ਹਮੇਸ਼ਾ ਯਾਦਗਾਰੀ ਪਲਾਂ ਦੀ ਯਾਦ ਦਿਵਾਉਂਦੇ ਰਹਿਣਗੇ ਰਕੇਸ਼ ਕੁਮਾਰ

**ਜੰਡਿਆਲਾ ਗੁਰੂ, 2 ਮਾਰਚ ( ਕੁਲਵੰਤ ਸਿੰਘ ਵਿਰਦੀ )**-ਬੀਤੇ ਦਿਨ ਇੰਪਲਾਈਜ ਫੈਡਰੇਸ਼ਨ ਦੇ ਸੀਨੀਅਰ ਆਗੂ ਇੰਜੀਨੀਅਰ ਸ੍ਰੀ ਰਕੇਸ਼ ਕੁਮਾਰ ਸਬ ਡਵੀਜ਼ਨ ਬੰਡਾਲਾ ਦੇ ਅਧੀਨ ਮੰਡਲ ਜੰਡਿਆਲਾ ਗੁਰੂ ਨੇ ਬਤੌਰ 30 ਸਾਲ ਦੇ ਜੇ ਈ ਦੇ ਅਹੁਦੇ ਤੋਂ ਰਿਟਾਇਰ ਪਾਰਟੀ ਤੇ ਸਿਰਕਤ ਕਰਨ ਵਾਲੇ ਮੁਲਾਜਮਾਂ ਦਾ ਧੰਨਵਾਦ ਕਰਦਿਆਂ ਹੋਇਆ ਕਿਹਾ ਕਿ ਬਿਜਲੀ ਬੋਰਡ ਦੇ ਅੰਦਰ ਮੈਂ ਆਪਣੀ ਤਰਫੋਂ ਡਿਊਟੀ ਨੂੰ ਸੁਚੱਜੇ ਢੰਗ ਨਾਲ ਨਿਭਾਉਣ ਦਾ ਯਤਨ ਕੀਤਾ ਅਤੇ ਜੇਕਰ ਮੇਰੀ ਡਿਊਟੀ ਦੌਰਾਨ ਮੇਰੀ ਤਰਫੋਂ ਮੇਰੇ ਨਾਲ ਦੇ ਸਾਥੀਆਂ ਦਾ ਕਿਸੇ ਕਾਰਨ ਕਰਕੇ ਮਨ ਦੁਖੀ ਹੋਇਆ ਹੋਵੇ ਮੈਂ ਉਨਾਂ ਸਾਥੀਆਂ ਕੋਲੋਂ ਉਸ ਕਾਰਨ ਦਾ ਅਹਿਸਾਸ ਕਰਦਾ ਹਾਂ ਅਤੇ ਆਪਣੇ ਸਾਥੀਆਂ ਦੀ ਲੰਮੀ ਉਮਰ ਤੇ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਦੀ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ !ਅੱਗੇ ਉਨਾਂ ਕਿਹਾ ਕਿ ਵਿਦਾਇਗੀ ਪਾਰਟੀ ਦੌਰਾਨ ਮੇਰੇ ਸਾਥੀਆਂ ਤੇ ਮੇਰੇ ਤੋਂ ਉਪਰ ਅਧਿਕਾਰੀਆਂ ਦੀ ਸੇਵਾ ਵਿੱਚ ਜੇਕਰ ਕੋਈ ਕਮੀ ਰਹਿ ਗਈ ਹੋਵੇ ਤਾਂ ਮੁਆਫੀ ਚਾਹੁੰਦਾ ਹਾਂ ! ਅਤੇ ਮਾਣ ਸਤਿਕਾਰ ਨਾਲ ਸਨਮਾਨਿਤ ਮੌਕੇ ਦਿੱਤੇ ਗਿਫਟ ਹਮੇਸਾ ਬਿਜਲੀ ਮੁਲਾਜ਼ਮਾਂ ਨਾਲ ਬਤੀਤ ਕੀਤੇ ਯਾਦਗਰੀ ਪਲਾਂ ਦੀ ਯਾਦ ਦਿਵਾਉਂਦੇ ਰਹਿਣਗੇ ਇਸ ਖੁਸੀ ਦੇ ਮੌਕੇ ਪਾਰਟੀ ਚ ਵਿਸੇਸ਼ ਤੌਰ ਤੇ ਪਹੁੰਚੇ ਨਿਰਮਲ ਸਿੰਘ ਬੰਡਾਲਾ ,ਜੇਈ ਵਿਕਰਮਜੀਤ ਸਿੰਘ,ਅੰਗਰੇਜ ਸਿੰਘ। ਵਰਿੰਦਰ ਸਿੰਘ, ਜੇਈ ਰਣਜੀਤ ਸਿੰਘ, ਜੇਈ ਜਸਬੀਰ ਸਿੰਘ, ਅਵਤਾਰ ਸਿੰਘ,ਗੁਰਦੇਵ ਸਿੰਘ,ਗੁਰਸੇਵਕ ਸਿੰਘ,ਸੁਖਦੇਵ ਸਿੰਘ ਵਰਪਾਲ, ਹਰਦੇਵ ਸਿੰਘ ਜੋਗਾ ਸਿੰਘ ਵਾਲਾ , ਮੇਜਰ ਸਿੰਘ,ਰਵਿੰਦਰਪਾਲ ਸਿੰਘ ਰਵੀ,ਗੁਰਵਿੰਦਰ ਸਿੰਘ, ਗੁਰਲਾਲ ਸਿੰਘ, ਜੁਗਰਾਜ ਸਿੰਘ,ਪ੍ਰਧਾਨ ਪ੍ਰਤਾਪ ਸਿੰਘ ਸੁਖੇਵਾਲ, ਮੰਡਲ ਪ੍ਰਧਾਨ ਮਨਿੰਦਰ ਸਿੰਘ ਜੰਡਿਆਲਾ ਗੁਰੂ ਆਦਿ ਸਮੂਹ ਬਿਜਲੀ ਮੁਲਾਜ਼ਮਾਂ ਦਾ ਤਹਿ ਦਿਲੋਂ ਧੰਨਵਾਦ ਤੇ ਸਤਿਕਾਰ ਭਰੀ ਅਸੀਸ ਪ੍ਰਦਾਨ ਕਰਦਾ ਹਾਂ!



ਆਵਾਜ਼ਿ ਕੌਮ AWAZE QAUM International Newspaper & WEB TV

### ਪੁਲਿਸ ਮੁਕਾਬਲੇ ਚ ਮਾਰੇ ਗਏ ਰਣਜੀਤ ਸਿੰਘ ਦੇ ਪਰਿਵਾਰ ਨਾਲ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪ੍ਰੀਵਾਰ ਨਾਲ ਕੀਤਾ ਦੁੱਖ ਸਾਂਝਾ

# ਪੰਜਾਬ ਦੇ ਪੁੱਤਾਂ ਦੇ ਪੁਲਿਸ ਮੁਕਾਬਲੇ 84 ਦੀ ਯਾਦ ਦਿਵਾਉਂਦੇ-ਬਾਬਾ ਬਿਬੇਕ ਸਿੰਘ

**ਜੰਡਿਆਲਾ ਗੁਰੂ, 2 ਮਾਰਚ ( ਕੁਲਵੰਤ ਸਿੰਘ ਵਿਰਦੀ )**-ਅੱਜ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਜੰਡਿਆਲਾ ਗੁਰੂ ਦੇ ਸੇਵਾਦਾਰ ਬਾਬਾ ਬਿਬੇਕ ਸਿੰਘ ਨੇ ਪ੍ਰੈੱਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦਿਆ ਹੋਇਆ ਦੱਸਿਆ ਕਿ ਬੀਤੇ ਦਿਨੀ ਪਿੰਡ ਆਦੀਆਂ ਗੁਰਦਾਸਪੁਰ ਵਿਖੇ ਪੁਲਿਸ ਮੁਕਾਬਲੇ 'ਚ ਮਾਰੇ ਗਏ ਸਿੱਖ ਨੌਜਵਾਨ ਰਣਜੀਤ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਬਾਪੂ ਤਰਸੇਮ ਸਿੰਘ ਅਤੇ ਪਾਰਟੀ ਦੇ ਸੀਨੀਅਰ ਆਗੂ ਰਣਜੀਤ ਸਿੰਘ ਦੇ ਗ੍ਰਹਿ ਵਿਖੇ ਪਹੁੰਚੇ, ਜਿਥੇ ਉਨ੍ਹਾਂ ਵੱਲੋਂ ਰਣਜੀਤ ਸਿੰਘ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ।ਅਤੇ ਇਸ ਮੌਕੇ ਬਾਪੂ ਤਰਸੇਮ ਸਿੰਘ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਹੋਇਆ ਕਿਹਾ ਕਿ ਪੰਜਾਬ ਵਿੱਚ ਇੰਜ ਲਗਦਾ ਕਾਨੂੰਨ ਰਾਜ ਖਤਮ ਹੋ ਚੁੱਕਾ ਹੈ ਅਤੇ ਪੁਲਿਸ ਰਾਜ ਚੱਲ ਰਿਹਾ ਹੈ। ਅੱਗੇ ਉਨ੍ਹਾਂ ਕਿਹਾ ਕਿ ਪੁਲਿਸ ਦਾ ਕੰਮ ਮੁਲਜ਼ਮ ਨੂੰ ਫੜ ਕੇ ਕਾਨੂੰਨੀ ਕਾਰਵਾਈ ਕਰਕੇ ਉਸ ਦੋਸੀ ਨੂੰ ਅਦਾਲਤ 'ਚ ਪੇਸ਼ ਕਰਨਾ ਅਤੇ ਸਾਡੇ ਦੇਸ ਦੀ ਕਾਨੂੰਨ ਪ੍ਰਣਾਲੀ ਦੌਰਾਨ ਉਸ ਵਿਅਕਤੀ ਨੂੰ ਸਜਾ ਦੇਣੀ ਨਾ ਕਿ ਉਸ ਦੀ ਜਾਨ ਹੀ ਲੈ ਲੈਣੀ ਪਰ ਇਥੇ ਇੰਜ ਲਗਦਾ ਜਿਵੇਂ ਪੰਜਾਬ ਪੁਲਿਸ ਫਿਰ ਪੰਜਾਬ ਨੂੰ 1984 ਵਾਲਾ ਕਾਲਾ ਦੌਰ ਚੇਤੇ ਕਰਵਾ ਰਹੀ ਹੈ , ਜਿਥੇ ਮਨਮਰਜੀ ਨਾਲ ਬਿਨਾਂ ਜਾਂਚ ਕੀਤੇ ਪੁਲਿਸ ਮੁਕਾਬਲੇ ਬਣਾ ਕੇ ਸਬੂਤ ਮਿਟਾਏ ਜਾ ਰਹੇ ਹਨ। ਅੱਗੇ ਉਨ੍ਹਾਂ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਪੰਜਾਬ ਪੁਲਿਸ ਦੇ ਇਸ ਮੁਕਾਬਲੇ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਦੀ ਹੈ। ਅਤੇ ਦੇਸ ਦੀ ਕਾਨੂੰਨ ਪ੍ਰਣਾਲੀ ਤੋਂ ਮੰਗ ਕੀਤੀ ਜਾਂਦੀ ਹੈ ਕਿ ਇਸ ਪੂਰੇ ਘਟਨਾਕ੍ਰਮ ਦੀ ਸੀ. ਬੀ. ਆਈ. ਜਾਂਚ ਕਰਕੇ ਪਰਿਵਾਰ ਨੂੰ ਇਨਸਾਫ਼ ਦਿੱਤਾ ਜਾਵੇ। ਅੱਗੇ ਬਾਬਾ ਬਿਬੇਕ ਸਿੰਘ ਨੇ ਕਿਹਾ ਕਿ 84 ਵਿੱਚ ਕਾਂਗਰਸ ਪਾਰਟੀ ਵੱਲੋਂ ਦਿੱਤੇ ਗਏ ਜਖਮਾਂ ਨੂੰ ਲੋਕ ਅੱਜ ਤੱਕ ਨਹੀਂ ਜਦ ਉਹ ਸਾਲ ਦੀਆਂ ਤਰੀਕਾਂ ਆਉਦੀਆਂ ਹਨ ਤਾਂ ਉਸ ਸਮੇਂ ਦੀ ਰਾਣੀ ਵੱਲੋਂ ਦਿੱਤੇ ਗਏ ਜਖਮ ਫਿਰ ਇਕ ਵਾਰ ਤਾਜਾ ਹੋ ਜਾਂਦੇ ਹਨ ਇਸ ਲਈ ਪੰਜਾਬ ਸਰਕਾਰ ਨੂੰ ਅਪੀਲ ਹੈ ਕਿ ਉਨਾਂ ਰਾਹਾਂ ਤੇ ਚੱਲਣਾ ਬੰਦ ਕਰਕੇ ਜੇਕਰ ਕੋਈ ਦੋਸੀ ਹੈ ਤਾਂ ਉਸ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿਓ ਅਤੇ ਜੋ ਅਦਾਲਤ ਵੱਲੋਂ ਸਜਾ ਮਿਲੇਗੀ ਉਸ ਨੂੰ ਭੋਗ ਲਵੇਗਾ ਐਸੀਆਂ ਕਹਾਣੀਆਂ ਬਣਾਉਣੀਆਂ ਬੰਦ ਕਰੋ ਅਤੇ ਦੋਸੀ ਮੁਲਾਜ਼ਮਾਂ ਤੇ ਬਣਦੀ ਕਾਰਵਾਈ ਕੀਤੀ ਜਾਵੇ !ਅਤੇ ਜੋ ਪੁਲਿਸ ਮੁਲਾਜ਼ਮ ਮਾਰੇ ਗਏ ਹਨ ਉਨਾਂ ਦੇ ਪ੍ਰੀਵਾਰਾਂ ਨੂੰ ਵੀ ਇਨਸਾਫ ਦਿੱਤਾ ਜਾਵੇ ! ਇਸ ਮੌਕੇ ਅਜੇਪਾਲ ਸਿੰਘ, ਜਤਿੰਦਰ ਸਿੰਘ ਮਹਿਤਾ,ਅਮਨਦੀਪ ਸਿੰਘ ਡੱਡੂਆਣਾ, ਕੰਵਲਪ੍ਰੀਤ ਸਿੰਘ ਰਵੀ ਜੰਡਿਆਲਾ ਗੁਰੂ, ਸਤਿੰਦਰਜੀਤ ਸਿੰਘ ਗਿੱਲ ਅਬਜ਼ਰਵਰ ਪਠਾਨਕੋਟ, ਜੁਗਰਾਜ ਸਿੰਘ ਲਾਲੇਨੰਗਲ, ਖੁਸ਼ਕਰਨ ਸਿੰਘ ਬਟਾਲਾ, ਮਨਜੀਤ ਸਿੰਘ ਪਾਹੜਾ, ਪ੍ਰਭਜੋਤ ਸਿੰਘ ਤਿੱਬੜ, ਪ੍ਰਿੰਸ ਕਾਹਨੂੰਵਾਨ, ਕੈਪਟਨ ਹਰਪਾਲ ਸਿੰਘ ਚੌਧਰਪੁਰ, ਦਲਬੀਰ ਸਿੰਘ ਚਾਹਲ, ਗੁਰਵਿੰਦਰ ਸਿੰਘ ਕਾਲਾ ਅਫਗਾਨ ਆਦਿ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

### ਜਥੇਦਾਰ ਦਾਦੂਵਾਲ ਜੀ ਨੇ ਪਿੰਡ ਗੁਰਬਖਸ਼ਪੁਰਾ ਵਿੱਚ

# ਸਜਾਏ ਤਿੰਨ ਰੋਜ਼ਾ ਧਾਰਮਿਕ ਦੀਵਾਨ, 25 ਪ੍ਰਾਣੀਆਂ ਨੇ ਕੀਤਾ ਅੰਮ੍ਰਿਤ ਪਾਨ






ਤਲਵੰਡੀ ਸਾਬੋ, 02 ਮਾਰਚ (ਗੁਰਜੰਟ ਸਿੰਘ ਨਥੇਹਾ)-ਪਿਛਲੇ ਤਿੰਨ ਦਹਾਕਿਆਂ ਤੋਂ ਸਿੱਖ ਧਰਮ ਪ੍ਰਚਾਰ ਅੰਮ੍ਰਿਤ ਸੰਚਾਰ ਲਹਿਰ ਨੂੰ ਸਮਰਪਿਤ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਦੀ ਧਰਤੀ ਤੇ ਸੰਗਰੂਰ ਜਿਲੇ ਦੇ ਪਿੰਡ ਗੰਡਾ ਸਿੰਘ ਵਾਲਾ (ਗੁਰਬਖਸ਼ਪੁਰਾ) ਵਿਖੇ ਤਿੰਨ ਰੋਜ਼ਾ ਦਿਨ ਦੇ ਧਾਰਮਿਕ ਦੀਵਾਨ ਪਿੰਡ ਦੀਆਂ ਸਿੱਖ ਸੰਗਤਾਂ ਦੀ ਮੰਗ ਤੇ ਸਜਾਉਣਾ ਕੀਤੇ ਜਥੇਦਾਰ ਦਾਦੂਵਾਲ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕੇ ਜਥੇਦਾਰ ਦਾਦੂਵਾਲ ਜੀ ਵੱਲੋਂ 27 - 28 ਫਰਵਰੀ 1 ਮਾਰਚ ਨੂੰ ਰੋਜ਼ਾਨਾ ਦੀਵਾਨਾਂ ਵਿੱਚ ਗੁਰਬਾਣੀ ਅਤੇ ਗੁਰਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਜਥੇਦਾਰ ਦਾਦੂਵਾਲ ਨੇ ਹਿੰਦੂ ਮੁਸਲਿਮ ਸਿੱਖ ਈਸਾਈ ਬੋਧੀ ਜੈਨੀ ਹਰੇਕ ਨੂੰ ਆਪਣੇ ਧਰਮ ਵਿੱਚ ਪਰਪੱਕ ਹੋਣ ਅਤੇ ਦੂਜੇ ਧਰਮਾਂ ਧਰਮ ਗ੍ਰੰਥਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਆ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਕੇ ਸਾਡਾ ਸਿੱਖਾਂ ਦੇ ਘਰ ਦਾ ਜਨਮ ਹੈ ਸਾਨੂੰ ਨਸ਼ਿਆਂ ਤੋਂ ਰਹਿਤ ਸਾਬਤ ਸੂਰਤ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨਾ ਚਾਹੀਦਾ ਹੈ ਨਾਮ ਬਾਣੀ ਸੇਵਾ ਸਿਮਰਨ ਭਜਨ ਬੰਦਗੀ ਧਰਮ ਦੀ ਕਿਰਤ ਕਰਦੇ ਨਾਮ ਜਪਦੇ ਵੰਡ ਛਕਦੇ ਜੀਵਨ ਸ਼ਫਲਾ ਕਰਨਾ ਚਾਹੀਦਾ ਹੈ ਜਿਸ ਨਾਲ ਸਾਡਾ ਲੋਕ ਸੁਖੀਆ ਅਤੇ ਪ੍ਰਲੋਕ ਸੁਹੇਲਾ ਹੋਵੇਗਾ ਜਥੇਦਾਰ ਦਾਦੂਵਾਲ ਜੀ ਨੇ ਭਾਈ ਆਕੁਲ ਦੀ ਪੁੱਤਰੀ ਬੀਬੀ ਸੂਰਤੀ ਦੇ ਜੀਵਨ ਇਤਿਹਾਸ ਤੇ ਚਾਨਣਾ ਪਾਇਆ ਜਿਸ ਦਾ ਭਾਈ ਸਾਧੂ ਨਾਲ-ਨਾਲ ਵਿਆਹ ਹੋਇਆ ਤੇ ਦੋਨਾਂ ਨੇ ਗੁਰੂ ਦੀ ਸਿੱਖੀ ਕਮਾਈ ਜਿਸ ਕਰਕੇ ਉਨਾਂ ਦੇ ਘਰ ਵਿੱਚ ਬ੍ਰਹਮਗਿਆਨੀ ਪੁੱਤਰ ਭਾਈ ਰੂਪ ਚੰਦ ਦਾ ਜਨਮ ਹੋਇਆ ਭਾਈ ਭਿਖਾਰੀ ਜੀ ਦੇ ਵੈਰਾਗਮਈ ਜੀਵਨ ਦੀ ਗਾਥਾ ਵੀ ਸੰਗਤਾਂ ਨਾਲ ਸਾਂਝੀ ਕੀਤੀ ਅਤੇ ਲੱਖੀ ਜੰਗਲ ਵਿੱਚ ਸੱਯਦ ਇਬਰਾਹੀਮ ਫਕੀਰ ਵਲੋਂ ਦਸ਼ਮੇਸ਼ ਪਿਤਾ ਨਾਲ ਬਚਨ ਬਿਲਾਸ ਕਰਨ ਉਪਰੰਤ ਅੰਮ੍ਰਿਤ ਦੀ ਮਹਾਨਤਾ ਤੋਂ ਜਾਣੂ ਹੋਣ ਦੇ ਨਾਲ ਫਿਰ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰਬਖਸ਼ ਸਿੰਘ ਬਣਨ ਦਾ ਇਤਿਹਾਸ ਵੀ ਜਥੇਦਾਰ ਦਾਦੂਵਾਲ ਜੀ ਨੇ ਸੰਗਤਾਂ ਨਾਲ ਸਾਂਝਾ ਕੀਤਾ ਜਥੇਦਾਰ ਦਾਦੂਵਾਲ ਜੀ ਦਾ ਪ੍ਰਚਾਰ ਸੁਣ ਕੇ 25 ਪ੍ਰਾਣੀਆਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨਾ ਕੀਤਾ ਸੰਤ ਹਾਕਮ ਸਿੰਘ ਗੰਡਾ ਸਿੰਘ ਵਾਲਾ, ਸੰਤ ਰਤਨਾਪੁਰੀ ਸੰਨਿਆਸੀ ਜੋਗੀਮਾਜਰਾ, ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ, ਬਾਬਾ ਜਸਵਿੰਦਰ ਸਿੰਘ ਤਿਉਣਾ ਸਮੇਤ ਇਲਾਕੇ 'ਚੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਧਾਰਮਿਕ ਦੀਵਾਨਾਂ ਦੀ ਹਾਜ਼ਰੀ ਭਰੀ ਸਮਾਪਤੀ ਵਾਲੇ ਦਿਨ ਗੁਰੂ ਘਰ ਦੇ ਪ੍ਰਬੰਧਕ ਨਗਰ ਪੰਚਾਇਤ ਅਤੇ ਸਿੱਖ ਸੰਗਤਾਂ ਵੱਲੋਂ ਜਥੇਦਾਰ ਦਾਦੂਵਾਲ ਜੀ ਸਮੇਤ ਸਮੂੰਹ ਜਥੇ ਦੇ ਸਿੰਘਾਂ ਮਹਾਂਪੁਰਸ਼ਾਂ ਨੂੰ ਸਿਰਪਾਓ ਅਤੇ ਸਨਮਾਨ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ।

### ਇਤਿਹਾਸਕ ਨਗਰੀ ਸੁਰਸਿੰਘ ਝੁਬਾਲ ਤੋਂ ਹੋਲੇ ਮੁਹੱਲੇ ਅਨੰਦਪੁਰ ਸਾਹਿਬ ਨੂੰ ਜਾ ਰਹੇ ਸਿੰਘਾਂ ਨੇ

# ਗੁਰਦੁਆਰਾ ਸ਼ਹੀਦ ਬਾਬਾ ਜੀਵਨ ਸਿੰਘ ਮੌੜਸਰ ਲੋਹਟਬੱਦੀ ਵਿਖੇ ਕੀਤਾ ਪੜਾਅ : ਜਥੇਦਾਰ ਰਣਜੀਤ ਸਿੰਘ



**ਜੰਡਿਆਲਾ ਗੁਰੂ, 2 ਮਾਰਚ ( ਕੁਲਵੰਤ ਸਿੰਘ ਵਿਰਦੀ )**-ਪੰਜਾਬ ਦੇ ਸਭ ਤੋਂ ਮਹਾਨ ਤੇ ਇਤਿਹਾਸਕ ਜੋੜ ਮੇਲੇ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਆਪਣੇ ਆਪਣੇ ਵਹੀਕਲਾਂ ਤੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਨੂੰ ਰਵਾਨਾ ਹੋ ਰਹੀਆਂ ਹਨ ਅਤੇ ਰਸਤੇ ਵਿੱਚ ਵੱਖ ਵੱਖ ਗੁਰਦੁਆਰਿਆਂ ਤੇ ਹੋਰ ਅਸਥਾਨਾਂ ਤੇ ਇੰਨਾ ਸੰਗਤਾਂ ਦੇ ਅਰਾਮ ਅਤੇ ਲੰਗਰਾਂ ਆਦਿ ਵਾਸਤੇ ਵਿਸ਼ੇਸ਼ ਪ੍ਰਬੰਧ ਕਰਕੇ ਕਲਗ.ੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾ ਰਹੀਆਂ ਹਨ ਅਤੇ ਕੜੀ ਤਹਿਤ ਅੱਜ ਇਤਿਹਾਸਕ ਨਗਰੀ ਸੁਰਸਿੰਘ ਝੁਬਾਲ ਤੋਂ ਹੌਲੇ ਮੁਹੱਲੇ ਅਨੰਦਪੁਰ ਸਾਹਿਬ ਜਾ ਰਹੇ ਸਿੰਘਾਂ ਨੇ ਗੁਰਦੁਆਰਾ ਸ਼ਹੀਦ ਬਾਬਾ ਜੀਵਨ ਸਿੰਘ ਮੌੜਸਰ ਸਾਹਿਬ ਲੋਹਟਬੱਦੀ ਨੇੜੇ ਰਾਏਕੋਟ ਵਿਖੇ ਪੜਾਅ ਕੀਤਾ ਅਤੇ ਪ੍ਰਬੰਧਕਾਂ ਵੱਲੋਂ ਇਨ੍ਹਾਂ ਸਾਰੀਆਂ ਫੌਜਾਂ ਨੂੰ ਚਾਹ ਪਾਣੀ ਦੇਗਾਂ ਸਰਦਾਈਆ ਦੀ ਸੇਵਾ ਕੀਤੀ ਗਈ, ਇਥੋਂ ਇਹ ਸਾਰੇ ਸਿੰਘ ਜਲਪਾਣੀ ਛਕਣ ਤੇ ਅਰਦਾਸ ਕਰਨ ਤੋਂ ਉਪਰੰਤ ਅਗਲੇ ਪੜਾਅ ਲਈ ਰਵਾਨਾ ਹੋ ਗਏ, ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ, ਭਾਈ ਖਾਲਸਾ ਨੇ ਦੱਸਿਆ ਕਿ ਇਹ ਸਾਰੇ ਸਿੰਘ ਇਤਿਹਾਸਕ ਨਗਰੀ ਸੁਰਸਿੰਘ ਝੁਬਾਲ ਤੋਂ 1 ਫਰਵਰੀ ਨੂੰ ਆਪਣੀ ਸਜਾਈ ਹੋਏ ਸੁੰਦਰ ਟਰੈਕਟਰ ਟਰਾਲੀ ਤੇ ਸਵਾਰ ਹੋ ਆ ਰਹੇ ਅਤੇ ਇਹ ਸਾਰੇ ਸਿੰਘ ਵਾਹਿਗੁਰੂ ਸਾਹਿਬ ਜੀ ਜਾਪ ਕਰਦੇ ਹੋਏ ਅੱਗੇ ਵਧ ਰਹੇ ਸਨ, ਭਾਈ ਖਾਲਸਾ ਬਹੁਤ ਸਾਰੇ ਨੌਜਵਾਨ ਆਪਣੇ ਮੋਟਰਸਾਈਕਲ ਤੇ ਵੱਡੇ ਵੱਡੇ ਝੰਡੇ ਲਾ ਕੇ ਉੱਚੀ ਉੱਚੀ ਹਾਰਨ ਤੇ ਢੈਕ ਵਜਾਉਂਦੇ ਹੋਏ ਹੁਲੜਬਾਜੀ ਕਰਦੇ ਹੋਏ ਹੋਲੇ ਮੁਹੱਲੇ ਤੇ ਜਾਂਦੇ ਹਨ ਅਤੇ ਸ਼ਰਧਾ ਵਾਨ ਸੰਗਤਾਂ ਦੀ ਸਾਨਤੀ ਨੂੰ ਭੰਗ ਕਰਦੇ ਹਨ ਭਾਵੇਂ ਕਿ ਸਿੰਘ ਸਾਹਿਬ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸਪੱਸ਼ਟ ਸੁਦੇਸ਼ ਜਾਰੀ ਕੀਤਾ ਹੈ ਕਿ ਹੋਲੇ ਮੁਹੱਲੇ ਮੌਕੇ ਤੇ ਜਬਰੀ ਰੰਗ ਪਾਉਣ ਤੇ ਹੁਲੜਬਾਜ਼ੀ ਦਾ ਸਖ਼ਤ ਨੋਟਿਸ ਲੈਣ ਤੋਂ ਰੋਪੜ ਤੇ ਰੂਪ ਨਗਰ ਦੀ ਪੁਲਿਸ ਨੇ ਅਜਿਹੇ ਹੁਲੜਬਾਜਾਂ ਤੇ ਸਖਤ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਜੋ ਕੇ ਸਮੇਂ ਦੀ ਲੋੜ ਵਾਲਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਕਿਹਾ ਜਾ ਸਕਦਾ ਹੈ, ਭਾਈ ਖਾਲਸਾ ਨੇ ਦੱਸਿਆ ਕਿ ਬਹੁਤ ਸਾਰੇ ਮੂਰਖ਼ ਲੋਕ ਟਰਾਲੀਆਂ ਤੇ ਹੋਰ ਹਵੀਕਲ ਵਿਚ ਰੰਗ ਦੇ ਬੋਰੇ ਭਰ ਭਰ ਰੱਖ ਲੈਂਦੇ ਹਨ ਅਤੇ ਜਬਰੀ ਸੰਗਤਾਂ ਤੇ ਰੰਗ ਪਾਈਆਂ ਜਾਂਦਾ ਹੈ ਕਈ ਤਾਂ ਬੀਬੀਆਂ ਤੇ ਵੀ ਜ਼ਬਰੀ ਰੰਗ ਪਾਉਂਦੇ ਤੇ ਉਹ ਅੱਗੇ ਅੱਗੇ ਦੌੜਦੀਆਂ ਹਨ ਭਾਈ ਖਾਲਸਾ ਨੇ ਕਿਹਾ ਇਸ ਭੈੜੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਪੁਲਿਸ ਨੇ ਜਥੇਦਾਰ ਸਾਹਿਬ ਦੀ ਹਦਾਇਤ ਤੇ ਅਜਿਹੇ ਹੁਲੜਬਾਜਾਂ ਤੇ ਸਖ਼ਤ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਜੋ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਇਸ ਕਰਕੇ ਸਾਡੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਅਜਿਹੇ ਹੁਲੜਬਾਜਾਂ ਦੇ ਸਖ਼ਤ ਵਿਰੋਧੀ ਹੈਂ ਅਤੇ ਮੰਗ ਕਰਦੀ ਹੈ ਕਿ ਅਜਿਹੇ ਹੁਲੜਬਾਜਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਕਿ ਸ਼ਰਧਾ ਭਾਵਨਾ ਨਾਲ ਨਕਮਸਤਕ ਹੋਣ ਵਾਲੀ ਸੰਗਤ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਬਲਾਕ ਤਲਵੰਡੀ ਸਾਬੋ ਵਿੱਚ ਪੀ.ਸੀ.-ਪੀ.ਐਨ.ਡੀ.ਟੀ ਐਕਟ ਅਤੇ "ਬੇਟੀ ਬਚਾਓ ਬੇਟੀ ਪੜ੍ਹਾਓ" ਮੁਹਿੰਮ ਤਹਿਤ ਜਾਗਰੂਕਤਾ ਮੁਹਿੰਮ ਆਯੋਜਿਤ



ਤਲਵੰਡੀ ਸਾਬੋ, 02 ਮਾਰਚ (ਗੁਰਜੰਟ ਸਿੰਘ ਨਥੇਹਾ)- ਸਿਵਲ ਸਰਜਨ ਬਠਿੰਡਾ ਡਾ. ਤੋਪਿੰਦਰਜੋਤ ਕੌਸ਼ਲ ਦੇ ਦਿਸ਼ਾ ਨਿਰਦੇਸ਼ ਅਤੇ ਸੀਨੀਅਰ ਮੈਡੀਕਲ ਅਫਸਰ ਤਲਵੰਡੀ ਸਾਬੋ ਡਾ. ਰਵੀ ਕਾਂਤ ਗੁਪਤਾ ਦੀ ਰਹਿਨੁਮਾਈ ਹੇਠ ਬਲਾਕ ਤਲਵੰਡੀ ਸਾਬੋ ਦੇ ਹੈਲਥ ਐਂਡ ਵੇਲਨੈੱਸ ਸੈਂਟਰਾਂ ਵਿੱਚ ਪੀ.ਸੀ.-ਪੀ.ਐਨ.ਡੀ.ਟੀ ਐਕਟ ਸਬੰਧੀ ਜਾਗਰੂਕਤਾ ਗਤੀਵਿਧੀਆਂ ਅਤੇ "ਬੇਟੀ ਬਚਾਓ ਬੇਟੀ ਪੜ੍ਹਾਓ" ਮੁਹਿੰਮ ਅਧੀਨ ਜਾਗਰੂਕਤਾ ਮੀਟਿੰਗਾਂ ਕਰਵਾਈਆਂ ਗਈਆਂ। ਇਸ ਮੌਕੇ ਹੈਲਥ ਐਂਡ ਵੇਲਨੈੱਸ ਸੈਂਟਰ ਜੋਧਪੁਰ ਪਾਖਰ ਅਤੇ ਕਮਾਲੂ ਸਵਾਚ ਵਿੱਚ ਵਿਸ਼ੇਸ਼ ਜਾਗਰੂਕਤਾ ਸੈਸ਼ਨ ਆਯੋਜਿਤ ਕੀਤੇ ਗਏ। ਸੈਸ਼ਨਾਂ ਦੌਰਾਨ ਲੋਕਾਂ ਨੂੰ ਪੀ.ਸੀ.-ਪੀ.ਐਨ.ਡੀ.ਟੀ ਐਕਟ ਦੀਆਂ ਧਾਰਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਲਿੰਗ ਚੋਣ ਅਤੇ ਭਰੂਣ ਹੱਤਿਆ ਦੇ ਕਾਨੂੰਨੀ ਨਤੀਜਿਆਂ ਬਾਰੇ ਸਮਝਾਇਆ ਗਿਆ। ਸਿਹਤ ਕਰਮਚਾਰੀਆਂ ਵੱਲੋਂ ਸਮਾਜ ਵਿੱਚ ਬੱਚੀ ਦੀ ਮਹੱਤਤਾ ਉਤੇ ਜ਼ੋਰ ਦਿੰਦਿਆਂ "ਬੇਟੀ ਬਚਾਓ ਬੇਟੀ ਪੜ੍ਹਾਓ" ਅਭਿਆਨ ਨੂੰ ਮਜ਼ਬੂਤ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ। ਹਾਜ਼ਰੀਨ ਨੂੰ ਬੇਟੀਆਂ ਦੀ ਸੁਰੱਖਿਆ, ਸਿੱਖਿਆ ਅਤੇ ਸਿਹਤ ਸੰਬੰਧੀ ਸਰਕਾਰੀ ਯੋਜਨਾਵਾਂ ਬਾਰੇ ਵੀ ਜਾਣੂ ਕਰਵਾਇਆ ਗਿਆ। ਮੀਟਿੰਗ ਵਿੱਚ ਹੈਲਥ ਐਂਡ ਵੇਲਨੈੱਸ ਸੈਂਟਰਾਂ ਦੇ ਸਟਾਫ, ਆਸ਼ਾ ਵਰਕਰਾਂ ਅਤੇ ਹੋਰ ਫਰੰਟਲਾਈਨ ਸਿਹਤ ਕਰਮਚਾਰੀਆਂ ਨੇ ਭਾਗ ਲਿਆ ਅਤੇ ਆਪਣੇ-ਆਪਣੇ ਖੇਤਰਾਂ ਵਿੱਚ ਇਸ ਸੰਦੇਸ਼ ਨੂੰ ਅੱਗੇ ਤੱਕ ਪਹੁੰਚਾਉਣ ਦਾ ਸੰਕਲਪ ਲਿਆ। ਸਿਹਤ ਵਿਭਾਗ ਬਲਾਕ ਤਲਵੰਡੀ ਸਾਬੋ ਵੱਲੋਂ ਸਮਾਜ ਵਿੱਚ ਜਾਗਰੂਕਤਾ ਵਧਾਉਣ ਅਤੇ ਪੀ.ਸੀ.-ਪੀ.ਐਨ.ਡੀ.ਟੀ ਐਕਟ ਦੀ ਕੜੀ ਤਰ੍ਹਾਂ ਪਾਲਣਾ ਯਕੀਨੀ ਬਣਾਉਣ ਲਈ ਲਗਾਤਾਰ ਯਤਨ ਜਾਰੀ ਰਹਿਣਗੇ।

# ਦੀ ਬਠਿੰਡਾ ਰਰੂਲ ਕੈਮਿਸਟ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਹੋਈ



ਤਲਵੰਡੀ ਸਾਬੋ, 02 ਮਾਰਚ (ਗੁਰਜੰਟ ਸਿੰਘ ਨਥੇਹਾ)- ਦੀ ਬਠਿੰਡਾ ਰਰੂਲ ਕੈਮਿਸਟ ਐਸੋਸੀਏਸ਼ਨ (ਰਜਿ.85) ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਜੇਠੂਕੇ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵੱਖ-ਵੱਖ ਮੁੱਦਿਆਂ 'ਤੇ ਵਿਚਾਰਾਂ ਹੋਈਆਂ ਅਤੇ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਯੁੱਧ ਨਸਿਆਂ ਵਿਰੁੱਧ ਦਾ ਪੂਰਾ ਸਹਿਯੋਗ ਦਿੱਤਾ ਜਾਵੇਗਾ ਅਤੇ ਸਰਕਾਰ ਵੱਲੋਂ ਚਲਾਈ ਇਸ ਮੁਹਿੰਮ ਦੀ ਸ਼ਲਾਘਾ ਕੀਤੀ ਗਈ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਨਸਿਆਂ ਤੋਂ ਬਚਾਇਆ ਜਾ ਸਕੇ। ਇਸ ਮੀਟਿੰਗ ਵਿੱਚ ਜ਼ਿਲ੍ਹਾ ਵਾਈਸ ਪ੍ਰਧਾਨ ਹਨੀ ਸੋਢੀ, ਸੀਨੀਅਰ ਮੀਤ ਪ੍ਰਧਾਨ ਅਜੈਬ ਸਿੰਘ ਪੂਹਲਾ, ਬਲਾਕ ਰਾਮਪੁਰਾ ਦੇ ਪ੍ਰਧਾਨ ਮਨਜਿੰਦਰ ਸ਼ਰਮਾ, ਬਲਾਕ ਤਲਵੰਡੀ ਸਾਬੋ ਦੇ ਪ੍ਰਧਾਨ ਜਸਵਿੰਦਰ ਸਿੰਘ ਮਲਕਾਣਾ, ਹਰਚਰਨ ਸਿੰਘ ਚੱਠਾ, ਵਾਇਸ ਪ੍ਰਧਾਨ ਬਲਕਾਰ ਸਿੰਘ ਜੱਜਲ, ਪ੍ਰੈਸ ਸਕੱਤਰ ਹਰਵਿੰਦਰ ਸਿੰਘ ਸੀਂਗੋ, ਅਜੀਤਪਾਲ ਤਿਉਣਾ ਪੁਜਾਰੀਆਂ, ਮਹਿੰਦਰ ਸਿੰਘ ਮਲਕਾਣਾ, ਬੂਟਾ ਸਿੰਘ ਬੰਗੀ, ਅਵਤਾਰ ਸਿੰਘ ਕੌਰੇਆਣਾ, ਸੁਖਪਾਲ ਸਿੰਘ ਬਹਿਮਣ ਜੱਸਾ ਸਿੰਘ, ਜੋਗਿੰਦਰ ਨਥੇਹਾ, ਹਨੀ ਮਲਕਾਣਾ, ਪਰਮਜੀਤ ਸਿੰਘ ਚੱਠੇਵਾਲਾ, ਮੰਦਰ ਸਿੰਘ ਫੁੱਲੋਖਾਰੀ, ਪਰਮਜੀਤ ਸ਼ਰਮਾ ਕਲਾਲਵਾਲਾ, ਪਰਮਜੀਤ ਸਿੰਘ ਮਾਹੀਨੰਗਲ, ਜੱਗਾ ਸਿੰਘ ਬੰਗੀ, ਗੁਰਦੀਪ ਸਿੰਘ ਗਿਆਨਾ, ਅੰਮ੍ਰਿਤਪਾਲ ਸਿੰਘ ਕਲਾਲਵਾਲਾ, ਨਿਰਮਲ ਸਿੰਘ ਭਾਗੀਵਾਂਦਰ, ਸੁਖਮੰਦਰ ਸਿੰਘ ਲਹਿਰੀ, ਲਖਵਿੰਦਰ ਸਿੰਘ ਸੀਂਗੋ ਆਦਿ ਹਾਜ਼ਰ ਸਨ।

# 2027 'ਚ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਯੂਥ ਵਿੰਗ ਅਹਿਮ ਭੂਮਿਕਾ ਨਿਭਾਵੇਗਾ: ਰੰਧਾਵਾ ਕਾਤਰੋਂ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਕਾਤਰੋਂ ਵੱਲੋ ਆਪਣੇ ਹਲਕੇ ਅੰਦਰ ਸਿਆਸੀ ਗਤੀਵਿਧੀਆਂ ਦੂਸਰੀਆਂ ਰਾਜਨੀਤਿਕ ਪਾਰਟੀਆਂ ਨਾਲੋਂ ਤੇਜ਼ ਕੀਤੀਆਂ ਹੋਈਆਂ ਹਨ। ਉਹਨਾਂ ਵੱਲੋਂ ਰੋਜਾਨਾ ਅਨੇਕਾਂ ਪਿੰਡਾਂ ਦਾ ਦੌਰਾ ਕਰਕੇ ਪਿੰਡਾਂ ਦੇ ਨੌਜਵਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਜੋੜਨ ਦਾ ਵਿਸ਼ੇਸ਼ ਉਪਰਾਲਾ ਕਰਕੇ ਪਿੰਡ ਪੱਧਰ ਤੇ ਨਵੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ । ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਲਿਜਾਇਆ ਜਾ ਰਿਹਾ ਤੇ ਇਸ ਵਿੱਚ ਉਹ ਸਫਲ ਵੀ ਹੋ ਰਹੇ ਹਨ। ਉਨ੍ਹਾਂ ਕਿਹਾ ਹਰ ਵਰਗ ਦੇ ਲੋਕ ਸ੍ਰੋਮਣੀ ਅਕਾਲੀ ਦਲ ਬਾਦਲ ਨਾਲ ਵੱਡੀ ਪੱਧਰ ਤੇ ਜੁੜ ਰਹੇ ਹਨ ਪਾਰਟੀ ਅੰਦਰ ਉਨ੍ਹਾਂ ਨੂੰ ਬਣਦੇ ਮਾਣ ਸਤਿਕਾਰ ਵੀ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਹਰ ਫਰੰਟ ਤੇ ਫੇਲ੍ਹ ਸਾਬਿਤ ਹੋਈ ਹੈ ਤੇ ਲੋਕ ਆਪ ਦੀ ਸਰਕਾਰ ਤੋਂ ਨਾਰਾਜ ਨਜਰ ਆ ਰਹੇ ਹਨ ਪਰ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਬਣੇਗੀ ਤੇ ਪੰਜਾਬ ਦੇ ਲੋਕ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਗੇ । ਉਨ੍ਹਾਂ ਕਿਹਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਅੰਦਰ ਸ਼ੁਰੂ ਕੀਤੀਆਂ ਪੰਜਾਬ ਬਚਾਓ ਰੈਲੀਆਂ ਇਤਿਹਾਸ ਰੱਚ ਰਹੀਆਂ ਹਨ। ਉਨ੍ਹਾਂ ਕਿਹਾ ਪੰਜਾਬ ਅੰਦਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸਿਆਸੀ ਕੱਦ ਉੱਚਾ ਹੋਇਆ ਹੈ।

### ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਜ਼ਿਲ੍ਹਾ ਪੱਧਰੀ ਵਿਕਸਿਤ ਭਾਰਤ ਯੁਵਾ-ਸੰਸਦ- 2026 ਆਯੋਜਿਤ

# ਪ੍ਰਾਥਨਾ, ਰੁਪਸੀ, ਪ੍ਰਕਾਸ਼, ਦੀਪ ਧਾਰਾ ਅਤੇ ਸ਼ਸ਼ੀਕੇਸ਼ ਦੀ ਰਾਜ ਪੱਧਰੀ ਯੁਵਾ ਸੰਸਦ 2026 ਲਈ ਹੋਈ ਚੋਣ









**ਤਲਵੰਡੀ ਸਾਬੋ, 1 ਮਾਰਚ (ਗੁਰਜੰਟ ਸਿੰਘ ਨਥੇਹਾ)**-ਭਾਰਤ ਸਰਕਾਰ ਦੇ ਯੁਵਾ ਤੇ ਖੇਡ ਮੰਤਰਾਲੇ ਵਲੋਂ ਚਲਾਈ ਜਾ ਰਹੀ ਮੁਹਿੰਮ ਵਿਕਸਿਤ ਭਾਰਤ @ 2047 ਤਹਿਤ ਜ਼ਿਲ੍ਹਾ ਪੱਧਰੀ ਵਿਕਿਸਤ ਭਾਰਤ ਯੁਵਾ-ਸੰਸਦ-2026 ਦਾ ਆਯੋਜਨ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਐੱਨ.ਐੱਸ.ਐੱਸ ਵਿਭਾਗ ਵੱਲੋਂ ਯੂਨੀਵਰਸਿਟੀ ਸਕੂਲ ਆਫ ਲਾਅ ਦੇ ਸਹਿਯੋਗ ਨਾਲ ਕੀਤਾ ਗਿਆ।ਇਸ ਮੌਕੇ ਕੈਂਪਸ ਡਾਇਰੈਕਟਰ ਹਰਜਸਪਾਲ ਸਿੰਘ ਸਿੱਧੂ, ਬਤੌਰ ਮੁਖ ਮਹਿਮਾਨ ਹਾਜ਼ਰ ਹੋਏ ਤੇ ਡਾਇਰੈਕਟਰ ਵਿਦਿਆਰਥੀ ਭਲਾਈ ਸਰਦੂਲ ਸਿੰਘ ਸਿੱਧੂ, ਜ਼ਿਲ੍ਹਾ ਯੂਥ ਅਫਸਰ ਬਠਿੰਡਾ, ਸਰਬਜੀਤ ਸਿੰਘ, ਵੱਖ-ਵੱਖ ਫੈਕਲਟੀਆਂ ਦੇ ਡੀਨ, ਅਧਿਆਪਕਾਂ ਅਤੇ ਲਗਭਗ 150 ਵਿਦਿਆਰਥੀਆਂ ਨੇ ਵੀ ਹਾਜ਼ਰੀ ਭਰੀ। ਡਾ. ਸਿੱਧੂ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਰਾਸ਼ਟਰੀ ਮੁਦਿੱਆਂ ਅਤੇ ਦੇਸ਼ ਦੇ ਵਿਕਾਸ ਵਿੱਚ ਦਰਪੇਸ਼ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਆਪਣੇ ਸੁਝਾਅ ਪ੍ਰਗਟ ਕਰਨ ਲਈ ਇਹ ਮੰਚ ਪ੍ਰਦਾਨ ਕੀਤਾ ਗਿਆ ਹੈ।ਉਹਨਾ ਕਿਹਾ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਿੱਥੇ ਦੇਸ਼ ਦੇ ਵਿਕਾਸ ਵਿੱਚ ਭਾਰਤ ਦੇ ਹਰ ਨਾਗਰਿਕ ਦਾ ਯੋਗਦਾਨ ਹੋਣਾ ਚਾਹੀਦਾ ਹੈ। ਉਹਨਾਂ ਨੌਜਵਾਨਾਂ ਅੱਗੇ ਵਿਕਸਿਤ ਭਾਰਤ ਦੀ ਤਸਵੀਰ ਪੇਸ਼ ਕਰਦਿਆਂ ਉਹਨਾਂ ਨੂੰ ਸਮਾਜਿਕ ਕਦਰਾਂ ਕੀਮਤਾਂ ਬਰਕਰਾਰ ਰੱਖਣ ਲਈ ਪ੍ਰੇਰਿਤ ਕੀਤਾ। ਐੱਨ.ਐੱਸ.ਐੱਸ ਕੋਆਰਡੀਨੇਟਰ ਨਰਿੰਦਰ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਯੁਵਾ ਸੰਸਦ ਦੇ ਮੁਕਾਬਲੇ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਵੱਲੋਂ ਹਿੱਸਾ ਲਿਆ ਗਿਆ। ਯੁਵਾ ਸੰਸਦ ਵਿੱਚ ਵਿਦਿਆਰਥੀਆਂ ਨੇ ਅਪਾਤਕਾਲ ਵਿਸ਼ੇ ਦੇ ਪੱਖ ਅਤੇ ਵਿਪੱਖ ਵਿੱਚ ਆਪਣੇ ਵਿਚਾਰ ਰੱਖੇ। ਜੱਜਾਂ ਦੇ ਪੈਨਲ ਪ੍ਰੋ. ਸੁਰਜੀਵਨ ਰਾਣੀ ਸਰਕਾਰੀ ਰਜਿੰਦਰਾ ਕਾਲਜ ਬਠਿੰਡਾ,(ਡਾ.)ਵੀਨਾ ਗਰਗ ਪ੍ਰਿੰਸੀਪਲ ਭਾਈ ਭਗਤਾ ਇੰਸਟੀਚਿਊਟ ਆਫ ਹਾਇਰ ਐਜੂਕੇਸ਼ਨ, ਐਡਵੋਕੇਟ ਹਰੀਸ਼ ਜੋਸ਼ੀ ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਿਲ ਹਨੂਮਾਨਗੜ੍ਹ, ਮੈਡਮ ਸਰੋਜ ਸਹਾਇਕ ਕਮਾਂਡੈਂਟ ਐਨ.ਡੀ.ਆਰ.ਐੱਫ ਤੇ ਜਸਵਿੰਦਰ ਸ਼ਰਮਾ ਸਮਾਜ ਸੇਵੀ ਵੱਲੋਂ ਕੁਮਾਰੀ ਪ੍ਰਾਥਨਾ ਤੇ ਕੁਮਾਰੀ ਰੁਪਸੀ ਜੀ.ਕੇ.ਯੂ ਪ੍ਰਕਾਸ਼ ਪਾਂਡੇ ਤੇ ਦੀਪ ਧਾਰਾ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ ਅਤੇ ਸ਼ਸ਼ੀਕੇਸ਼ ਕੁਮਾਰ ਭਾਈ ਭਗਤਾ ਇੰਸਟੀਚਿਊਟ ਆਫ ਹਾਇਰ ਐਜੂਕੇਸ਼ਨ ਨੂੰ ਰਾਜ ਪੱਧਰੀ ਯੁਵਾ ਸੰਸਦ ਲਈ ਚੁਣਿਆ ਗਿਆ। ਉਹਨਾਂ ਦੱਸਿਆ ਕਿ ਚੁਣੇ ਗਏ ਵਿਦਿਆਰਥੀ ਯੁਵਾ ਅਤੇ ਖੇਡ ਮੰਤਰਾਲੇ ਵੱਲੋਂ ਚੰਡੀਗੜ੍ਹ ਵਿਖੇ ਹੋਣ ਵਾਲੀ ਰਾਜ ਪੱਧਰੀ ਯੁਵਾ ਸੰਸਦ-2026 ਵਿੱਚ ਹਿੱਸਾ ਲੈਣਗੇ। ਡਾ. ਰਜਨੀਸ਼ ਬਿਸ਼ਨੋਈ, ਸਹਾਇਕ ਡੀਨ ਦੀ ਟੀਮ ਦਾ ਸਮੂਹ ਪ੍ਰਬੰਧਨ ਸਲਾਘਾ-ਯੋਗ ਰਿਹਾ, ਆਯੋਜਕਾਂ ਵੱਲੋਂ ਮੁੱਖ ਮਹਿਮਾਨ ਅਤੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਸਮ੍ਰਿਤੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ)

# ਬਲਾਕ ਧੂਰੀ ਦੀ ਮੀਟਿੰਗ ਹੋਈ



**ਸੰਗਾਲਾ ( ਰਣਜੀਤ ਸਿੰਘ ਪੇਧਨੀ )**-ਭਾਰਤੀ ਕਿਸਾਨ ਯੂਨੀਅਤ ਏਕਤਾ ਉਗਰਾਹਾ ਬਲਾਕ ਧੂਰੀ ਦੀ ਮੀਟਿੰਗ ਬਲਾਕ ਆਗੂ ਜਰਨੈਲ ਸਿੰਘ ਸੁਲਤਾਨਪੁਰ ਦੀ ਅਗਵਾਈ ਵਿੱਚ ਪਿੰਡ ਲੱਡਾ ਗੁੱਗਾ ਆੜੀ ਤੇ ਹੋਈ ਜਿਸ ਵਿੱਚ ਜਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਵਿਸ਼ੇਸ ਤੌਰ 'ਤੇ ਸਾਮਿਲ ਹੋਏ। ਆਗੂਆਂ ਨੇ ਕਿਹਾ ਕਿ ਆਪ ਭਗਵੰਤ ਸਿੰਘ ਮਾਨ ਸਰਕਾਰ ਲੋਕਾ ਦੀ ਹੱਕ ਸੱਚ ਦੀ ਅਵਾਜ ਨੂੰ ਦਵਾਉਣ ਦੀ ਪਾਤਰ ਅੱਡੀ ਚੋਟੀ ਦਾ ਜੋਰ ਲਾ ਰਹੀ ਹੈ,ਆਗੂਆਂ ਨੇ ਕਿਹਾ ਹੈ ਕਿ ਆਮ ਲੋਕਾਂ ਦੀਕਹਾਉਣ ਵਾਲੀ ਸਰਕਾਰ ਲੋਕਾਂਦੀ ਆਵਾਜ਼ ਨੂੰ ਦਬਾ ਕੇ ਕਾਰਪੋਰੇਟ ਘਰਾਣਿਆਂ ਦੀ ਬੋਲੀ ਬੋਲ ਰਹੀ ਹੈ ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਮਾਫ ਨਹੀਂ ਕਰਨਗੇ ਪੰਜਾਬ ਦੇ ਕਿਸਾਨ ਆਪਣੇ ਹੱਕਾਂ ਦੀ ਲੜਾਈ ਇਸੇ ਤਰ੍ਹਾਂ ਹੀ ਲੜਦੇ ਰਹੇ ਹਨ ਲੜਦੇ ਰਹਿਣਗੇ।ਆਗੂਆਂ ਨੇ ਕਿਹਾ ਹੈ ਕਿ ਪਿਛਲੀ ਦਿਨੀ ਬਠਿੰਡੇ ਜਾਣ ਤੋਂ ਕਿਸਾਨਾਂ ਨੂੰ ਰੋਕਣ ਦੇ ਲਈ ਪਿੰਡ ਜਿਉਂਦ ਵਿਖੇ ਕਿਸਾਨਾਂ ਤੇ ਅਥਰੂ ਗੈਸ ਦੇ ਗੋਲੇ ਸੁੱਟੇ ਗਏ ਜਿਸ ਵਿੱਚ ਚਕਈ ਕਿਸਾਨ ਆਗੂ ਜਖਮੀ ਹੋਏ ਇੱਕ ਕਿਸਾਨ ਆਗੂ ਦੀ ਲੱਤ ਟੁੱਟੀ ਗਈ ਅਤੇ ਸਿਰ ਵਿੱਚ 12 ਟੰਗ ਕੇ ਲੱਗੇ ਜਿਸ ਕਰਕੇ ਕਿਸਾਨ ਆਗੂਆਂ ਵਿੱਚ ਸਰਕਾਰ ਪ੍ਰਤੀ ਰੋਸ ਪੈਦਾ ਹੋਇਆ ਹੈ। ਇਸ ਮੌਕੇ ਦਰਸ਼ਨ ਸਿੰਘ ਕਿਲਾ ਹਕੀਮਾ, ਹਰਬੰਸ ਸਿੰਘ ਲੱਡਾ, ਕਰਮਜੀਤ ਸਿੰਘ ਬੇਨੜਾ, ਕਰਮਜੀਤ ਸਿੰਘ ਭਲਵਾਨ,ਜੋਰਾ ਸਿੰਘ ਕੰਧਾਰਗੜ੍ਹ ਛੰਨਾ, ਬਾਬੂ ਸਿੰਘ ਮੂਲੋਂਵਾਲ, ਮਨਜੀਤ ਸਿੰਘ ਜਹਾਂਗੀਰ ਅਤੇ ਮਹਿੰਦਰ ਸਿੰਘ ਭਸੌੜ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼ਾਮ ਸਿੰਘ ਅਟਾਰੀ ਤਰਨਾ ਦਲ ਵੱਲੋਂ ਅਨੰਦਪੁਰ ਸਾਹਿਬ ਹੋਲੇ ਮਹੱਲੇ ਤੇ ਕਿਲ੍ਹਾ ਲੋਹਗੜ੍ਹ ਸਾਹਿਬ ਦੇ ਨਜ਼ਦੀਕ ਲੰਗਰ 28 ਫਰਵਰੀ ਤੋਂ ਅਰੰਭ : ਜਥੇਦਾਰ ਸਤਨਾਮ ਸਿੰਘ ਖਾਪੜਖੇੜੀ



**ਜੰਡਿਆਲਾ ਗੁਰੂ, 2 ਮਾਰਚ ( ਕੁਲਵੰਤ ਸਿੰਘ ਵਿਰਦੀ )**-ਹਰ ਸਾਲ ਮਿਸਲ ਸਹੀਦ ਬਾਬਾ ਸ਼ਾਮ ਸਿੰਘ ਅਟਾਰੀ ਮਾਂਝਾ ਤਰਨਾ ਦਲ ਵੱਲੋਂ ਗੁਰਦੁਆਰਾ ਕਿਲਾ ਲੋਹਗੜ੍ਹ ਸਾਹਿਬ ਦੇ ਨਜ਼ਦੀਕ ਲੰਗਰ ਲਾਏ ਜਾਂਦੇ ਹਨ ਅਤੇ ਇਸ ਮਰਯਾਦਾ ਤੇ ਪਹਿਰਾ ਦੇਂਦਿਆਂ ਇਸ ਵਾਰ 28 ਫਰਵਰੀ ਤੋਂ ਜਥੇਦਾਰ ਬਾਬਾ ਸਤਨਾਮ ਸਿੰਘ ਖਾਪੜਖੇੜੀ ਦੀ ਅਗਵਾਈ ਹੇਠ ਲੰਗਰ ਚਲਾਏ ਹੋਏ ਹਨ, ਇਹ ਲੰਗਰ ਨਰੰਤਰ 4 ਫਰਵਰੀ ਤੱਕ ਚਾਲੂ ਰਹਿਣਗੇ, ਇਸ ਸਬੰਧੀ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਫੈਡਰੇਸ਼ਨ ਖਾਲਸਾ ਨੇ ਸਪੱਸ਼ਟ ਕੀਤਾ ਮਿਸਲ ਸ਼ਹੀਦ ਬਾਬਾ ਸ਼ਾਮ ਸਿੰਘ ਅਟਾਰੀ ਦੇ ਮੁਖੀ ਜਥੇਦਾਰ ਬਾਬਾ ਸਤਨਾਮ ਸਿੰਘ ਖਾਪੜਖੇੜੀ ਜੋ ਨਿਹੰਗ ਸਿੰਘ ਜਥੇਬੰਦੀਆਂ ਦੇ ਪ੍ਰਧਾਨ ਵੀ ਹਨ ਵੱਲੋਂ ਗੁਰੂ ਸਾਹਿਬ ਜੀ ਨਾਲ ਸਬੰਧਤ ਸਾਰੇ ਤਖਤਾਂ ਤੇ ਹੋਰ ਇਤਿਹਾਸਕ ਗੁਰਧਾਮਾਂ ਤੇ ਮਨਾਏ ਜਾਣ ਵਾਲੇ ਜੋੜ ਮੇਲਿਆਂ ਅਤੇ ਸਹੀਦੀ ਸਮਾਗਮਾਂ ਸਮੇਂ ਜਿਥੇ ਲੰਗਰ ਚਲਾਉਣ ਦੀ ਮਰਯਾਦਾ ਚਲਾਈ ਹੋਈ ਹੈ ਉਥੇ ਉਹ ਸਿੱਖੀ ਪ੍ਰਚਾਰ ਲਈ ਪੰਜਾਬ ਤੋਂ ਇਲਾਵਾ ਹੋਰਨਾਂ ਸੂਬਿਆਂ ਵਿਚ ਆਪਣੇ ਦਲਪੰਥ ਦੇ ਸਿੰਘਾਂ ਦੇ ਸੰਯੋਗ ਨਾਲ ਸਿੱਖ ਪੰਥ ਦੇ ਪ੍ਰਚਾਰ ਪ੍ਰਸਾਰ ਲਈ ਪੂਰੀ ਤਰ੍ਹਾਂ ਸਰਗਰਮ ਹਨ ਅਤੇ ਨਿਹੰਗ ਸਿੰਘ ਜਥੇਬੰਦੀਆਂ ਨਾਲ ਮੁਹੱਲੇ ਚੜਦੇ ਹਨ, ਭਾਈ ਖਾਲਸਾ ਨੇ ਦੱਸਿਆ ਹੋਲੇ ਮੁਹੱਲੇ ਅਨੰਦਪੁਰ ਸਾਹਿਬ ਵਿਖੇ ਉਨ੍ਹਾਂ ਦੇ ਦਲ ਪੰਥ ਵੱਲੋਂ 30 ਫਰਵਰੀ ਤੋਂ ਗੁਰੂ ਲੰਗਰ ਗੁਰਦੁਆਰਾ ਲੋਹਗੜ੍ਹ ਸਾਹਿਬ ਦੇ ਨਜਦੀਕ ਛਾਉਣੀ ਨਿਹੰਗ ਸਿੰਘਾਂ ਵਿਖੇ ਅਰੰਭ ਕੀਤੇ ਗਏ ਹਨ ਜੋ ਦਿਨ ਰਾਤ ਸੰਗਤਾਂ ਦੀ ਸੇਵਾ ਲਈ 4 ਮਾਰਚ ਤੱਕ ਚਾਲੂ ਰਹਿਣਗੇ, ਜਥੇਦਾਰ ਬਾਬਾ ਸਤਨਾਮ ਸਿੰਘ ਖਾਪੜਖੇੜੀ ਪ੍ਰਧਾਨ ਅਤੇ ਬੀਬੀ ਅਮਰਜੀਤ ਕੌਰ ਪ੍ਰਧਾਨ ਇਸਤਰੀ ਵਿੰਗ ਤੇ ਦਲ ਦੇ ਹੈਡ ਗ੍ਰੰਥੀ ਵੱਲੋਂ ਲੰਗਰ ਸੇਵਾ ਲਈ ਸੌ ਦੇ ਲਗਭਗ ਸੇਵਾ ਦਾਰਾ ਦੀ ਡਿਊਟੀ ਲਗਾਈ ਗਈ ਹੈ ਜੋ 24 ਘੰਟੇ ਸੰਗਤਾਂ ਦੀ ਸੇਵਾ ਵਿਚ ਰਹਿਣਗੇ ਉਨ੍ਹਾਂ ਦੱਸਿਆ ਇਥੇ ਸੰਗਤਾਂ ਦੇ ਰਹਾਇਸ਼ ਲਈ ਪ੍ਰਬੰਧ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਚੇਅਰਮੈਨ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਦੇ ਸਪੁੱਤਰ ਅਤੇ ਨੂੰਹ ਰਾਣੀ ਨੂੰ ਅਸ਼ੀਰਵਾਦ ਦਿੰਦੇ ਹੋਏ ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਵਾਲੇ



**ਚੌਂਕ ਮਹਿਤਾ,2 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ. ਜਗੀਰ ਸਿੰਘ ਰੰਧਾਵਾ ਜਲਾਲ ਉਸਮਾ ਦੇ ਪੋਤਰੇ ਠੇਕੇਦਾਰ ਲਖਵਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਦੇ ਭਤੀਜੇ, ਚੇਅਰਮੈਨ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਦੇ ਬੇਟੇ ਅਰਸਦੀਪ ਸਿੰਘ ਰੰਧਾਵਾ ਜਲਾਲ ਉਸਮਾ ਦੇ ਵਿਆਹ ਦੀ ਖੁਸ਼ੀ ਵਿੱਚ ਜੋੜੀ ਨੂੰ ਅਸ਼ੀਰਵਾਦ ਦਿੰਦੇ ਹੋਏ ਸ੍ਰੀ ਮਾਨ ਸੰਤ ਬਾਬਾ ਸੱਜਣ ਸਿੰਘ ਜੀ ਮੁੱਖੀ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਵਾਲੇ ਅਤੇ ਜਗੀਰ ਸਿੰਘ ਰੰਧਾਵਾ ਜਲਾਲ ਉਸਮਾ, ਚੇਅਰਮੈਨ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ, ਠੇਕੇਦਾਰ ਲਖਵਿੰਦਰ ਸਿੰਘ ਰੰਧਾਵਾ ਸਰਪੰਚ ਜਲਾਲ ਉਸਮਾ ਅਤੇ ਹੋਰ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੋਗਾ ਵਿੱਚ ਰੈਲੀ ਇਤਿਹਾਸਕ ਹੋਵੇਗੀ : ਨੀਲੂ ਮਿੱਤਲ



**ਸੰਗਾਲਾ ( ਰਣਜੀਤ ਸਿੰਘ ਪੇਧਨੀ )**--ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਮੋਗਾ ਜ਼ਿਲ੍ਹੇ ਦੇ ਪਿੰਡ ਕਿਲੀ ਚਾਹਲਾ ਵਿੱਚ 14 ਮਾਰਚ ਨੂੰ ਹੋਣ ਵਾਲੀ ਭਾਜਪਾ ਦੀ ਰੈਲੀ ਇਤਿਹਾਸਕ ਹੋਵੇਗੀ।ਇਸ ਰੈਲੀ ਨੂੰ ਲੈ ਕੇ ਭਾਜਪਾ ਵਰਕਰਾਂ ਅਤੇ ਪਾਰਟੀ ਮੈਂਬਰਾਂ ਵਿੱਚ ਭਾਰੀ ਉਤਸ਼ਾਹ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਉੱਘੇ ਸਮਾਜ ਸੇਵੀ ਕ੍ਰਿਸਨ ਗੋਪਾਲ ਨੀਲੂ ਮਿੱਤਲ ਨੇ ਕੀਤਾ।ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪੰਜਾਬ ਫੇਰੀ ਦਾ ਮਕਸਦ ਸਿਰਫ਼ ਸਿਆਸੀ ਰੈਲੀ ਕਰਨਾ ਨਹੀਂ ਹੈ,ਸਗੋਂ ਪੰਜਾਬ ਦੀਆਂ ਗੰਭੀਰ ਸਮੱਸਿਆਵਾਂ ਨੂੰ ਹੱਲ ਕਰਨਾ ਹੈ। ਇੱਕ ਸਪੱਸ਼ਟ ਰੋਡਮੈਪ ਪੇਸ਼ ਕੀਤਾ ਜਾਣਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਮੰਨਣਾ ਹੈ ਕਿ ਮਜ਼ਬੂਤ ਲੀਡਰਸ਼ਿਪ ਅਤੇ ਸਪੱਸ਼ਟ ਨੀਤੀਆਂ ਰਾਹੀਂ ਹੀ ਸੂਬੇ ਨੂੰ ਨਸ਼ਾ ਮੁਕਤ,ਅਪਰਾਧ ਮੁਕਤ ਬਣਾਇਆ ਜਾ ਸਕਦਾ ਹੈ ਅਤੇ ਵਿਕਾਸ ਵੱਲ ਤਰੱਕੀ ਕੀਤੀ ਜਾ ਸਕਦੀ ਹੈ ।ਉਨ੍ਹਾਂ ਕਿਹਾ ਕਿ ਜਿਨ੍ਹਾਂ ਸੂਬਿਆਂ ਵਿੱਚ ਭਾਜਪਾ ਦੀਆਂ ਸਰਕਾਰਾਂ ਸੱਤਾ ਵਿੱਚ ਹਨ,ਉੱਥੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਆਈ ਹੈ,ਬੁਨਿਆਦੀ ਢਾਂਚੇ ਦਾ ਵਿਸਥਾਰ ਹੋਇਆ ਹੈ,ਨਿਵੇਸ਼ ਵਧਿਆ ਹੈ ਅਤੇ ਕਾਨੂੰਨ ਵਿਵਸਥਾ ਵਿੱਚ ਸੁਧਾਰ ਹੋਇਆ ਹੈ। ਇਸ ਦੇ ਉਲਟ,ਦੂਜੀਆਂ ਪਾਰਟੀਆਂ ਦੁਆਰਾ ਸ਼ਾਸਿਤ ਰਾਜਾਂ ਵਿੱਚ ਅਪਰਾਧ ਦਰਾਂ ਵਧੀਆਂ ਹਨ। ਕਰਜ਼ਾ ਅਤੇ ਕੁਧਰਮ ਬਹੁਤ ਜ਼ਿਆਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇਸ ਸਮੇਂ ਕਈ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਸੂਬੇ ਵਿੱਚ ਨਸ਼ਾਖੋਰੀ,ਗੁੰਡਾਗਰਦੀ ਅਤੇ ਬੇਰੁਜ਼ਗਾਰੀ ਫੈਲੀ ਹੋਈ ਹੈ,ਜਦੋਂ ਕਿ ਕਿਸਾਨ ਆਰਥਿਕ ਸੰਕਟ ਅਤੇ ਕਰਜ਼ੇ ਵਿੱਚ ਫਸੇ ਹੋਏ ਹਨ ਆਮ ਆਦਮੀ ਪਾਰਟੀ ਦੀ ਸਰਕਾਰ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ ।

ਕੋਸ਼ਿਸ਼

# ਸ਼ੀਸ਼ਿਆਂ ਦੇ ਦਰਵਾਜ਼ਿਆਂ ਪਿੱਛੇ ਚੀਖਾਂ ਕਿਉਂ ?



ਇੱਕ ਆਵਾਜ਼ ਜਿਸ ਨੂੰ ਦੋਗਲਾ ਸਮਾਜ ਹਮੇਸ਼ਾ ਚੁੱਪ ਕਰਵਾਉਂਦਾ ਰਿਹਾ...

ਘਰ—ਜਿੱਥੇ ਸੁਰੱਖਿਆ ਹੋਣੀ ਸੀ, ਜਿੱਥੇ ਮਮਤਾ, ਇੱਜ਼ਤ, ਪਨਾਹ ਤੇ ਪਿਆਰ ਦੀ ਛਾਂ ਮਿਲਣੀ ਸੀ—ਅੱਜ ਬਹੁਤਿਆਂ ਲਈ ਸਭ ਤੋਂ ਵੱਡਾ ਜੰਗ ਦਾ ਮੈਦਾਨ ਬਣ ਗਿਆ ਹੈ। ਸ਼ੀਸ਼ਿਆਂ ਦੇ ਦਰਵਾਜ਼ਿਆਂ ਪਿੱਛੇ ਗੂੰਜਣ ਵਾਲੀਆਂ ਚੀਖਾਂ ਇਸ ਸਮਾਜ ਦੇ ਕੰਨਾਂ ਤੱਕ ਕਦੇ ਪਹੁੰਚਦੀਆਂ ਹੀ ਨਹੀਂ, ਜਾਂ ਫਿਰ ਸਮਾਜ ਇਹ ਜਤਾਉਂਦਾ ਹੈ ਕਿ ਉਸ ਨੂੰ ਕੁਝ ਸੁਣਦਾ ਹੀ ਨਹੀਂ।

ਇਹ ਚੀਖਾਂ ਕਿਸੇ ਇੱਕ ਵਰਗ ਦੀਆਂ ਨਹੀਂ—ਔਰਤਾਂ, ਬੱਚਿਆਂ, ਬਜ਼ੁਰਗਾਂ ਅਤੇ ਕਈ ਵਾਰ ਮਰਦਾਂ ਦੀਆਂ ਵੀ ਹਨ। ਪਰ ਸਾਂਝੀ ਗੱਲ ਇਹ ਹੈ ਕਿ ਇਹ ਚੀਖਾਂ ਹਮੇਸ਼ਾ ਚੁੱਪ ਕਰਵਾਈਆਂ ਜਾਂਦੀਆਂ ਹਨ।

ਦੋਗਲਾ ਸਮਾਜ — ਜਿੱਥੇ ਇੱਜ਼ਤ ਦੀ ਸੌਦੇਬਾਜੀ ਤੇ ਦਿਲ ਦੀ ਤੌਹੀਨ

ਸਮਾਜ ਦੋਹਰਾ ਕਿਉਂ ਹੈ ?

ਜਿਹੜਾ ਸਮਾਜ ਦਿਨ ਵੇਲੇ "ਆਦਰ, ਸਤਿਕਾਰ, ਬਰਾਬਰੀ" ਦੀਆਂ ਮਿਸਾਲਾਂ ਦਿੰਦਾ ਹੈ, ਉਹੀ ਰਾਤ ਦੇ ਹਨੇਰੇ ਵਿੱਚ ਚੀਖਾਂ ਨੂੰ ਕਹਿੰਦਾ ਹੈ:

"ਪਰਿਵਾਰ ਦੀ ਇੱਜ਼ਤ ਖ਼ਰਾਬ ਨਾ ਕਰ।"

"ਮਰਦ ਨੇ ਗੁੱਸਾ ਕਰ ਲਿਆ ਤਾਂ ਕੀ ਹੋਇਆ ?"

"ਕਿੱਥੇ ਜਾਵੇਂਗੀ ? ਲੋਕ ਕੀ ਕਹਿਣਗੇ ?"

ਇੱਥੇ ਇੱਜ਼ਤ ਦਾ ਮਾਪਦੰਡ ਹਰ ਬੰਦੇ ਲਈ ਵੱਖਰਾ ਹੈ।

ਜਿੱਥੇ ਔਰਤ ਨਾਲ ਜ਼ੁਲਮ ਹੋਵੇ—ਉਸ ਨੂੰ ਕਿਹਾ ਜਾਂਦਾ ਹੈ, "ਚੁੱਪ ਰਹਿ।"

ਜਿੱਥੇ ਮਰਦ ਨਾਲ ਹੋਵੇ—ਉਸ ਦੀ ਆਵਾਜ਼ ਦਾ ਮਜ਼ਾਕ ਉਡਾਇਆ ਜਾਂਦਾ ਹੈ।

ਬੱਚਿਆਂ ਨਾਲ ਹੋਏ ਅੱਤਿਆਚਾਰ ਨੂੰ "ਸ਼ਰਾਰਤ" ਕਹਿ ਕੇ ਦਬਾ ਦਿੱਤਾ ਜਾਂਦਾ ਹੈ।

ਬਜ਼ੁਰਗਾਂ ਦੇ ਦਰਦ ਨੂੰ "ਉਮਰ ਦਾ ਪ੍ਰਭਾਵ" ਮੰਨ ਲਿਆ ਜਾਂਦਾ ਹੈ।

ਇਹ ਦੋਗਲਾਪਣ ਸਿਰਫ਼ ਸੋਚ ਵਿੱਚ ਨਹੀਂ, ਸਗੋਂ ਸਾਡੇ ਅਮਲਾਂ ਵਿੱਚ ਵੀ ਰਚਿਆ ਹੋਇਆ ਹੈ।

ਘਰੇਲੂ ਹਿੰਸਾ — ਜਿੱਥੇ ਹਰ ਚੀਖ ਨੂੰ ਸਾਜ਼ਿਸ਼ੀ ਖ਼ਾਮੋਸ਼ੀ ਨਾਲ ਦਬਾਇਆ ਜਾਂਦਾ ਹੈ

ਘਰੇਲੂ ਹਿੰਸਾ ਸਿਰਫ਼ ਸਰੀਰਕ ਚੋਟ ਨਹੀਂ ਹੁੰਦੀ, ਇਸ ਦੀਆਂ ਕਈ ਕਿਸਮਾਂ ਹਨ:

1. ਸਰੀਰਕ ਹਿੰਸਾ: ਥੱਪੜ, ਲੱਤਾਂ, ਦਿਨ-ਰਾਤ ਦੀ ਕੁੱਟਮਾਰ, ਜ਼ਬਰਦਸਤੀ—ਇਨ੍ਹਾਂ ਜ਼ਖ਼ਮਾਂ ਨੂੰ ਸਮਾਜ ਵੇਖ ਕੇ ਵੀ ਅੰਨ੍ਹਾ ਬਣਿਆ ਰਹਿੰਦਾ ਹੈ।

2. ਮਾਨਸਿਕ ਹਿੰਸਾ: ਗਾਲਾਂ, ਤਾਅਨੇ, ਬੇਇੱਜ਼ਤੀ, ਡਰਾਉਣਾ-ਧਮਕਾਉਣਾ—ਇਹ ਉਹ ਜ਼ਖ਼ਮ ਹਨ ਜੋ ਰੂਹ 'ਤੇ ਲੱਗਦੇ ਹਨ। ਬਾਹਰੋਂ ਸਭ ਠੀਕ ਦਿਖਾਈ ਦੇਵੇ, ਪਰ ਅੰਦਰੋਂ ਇਨਸਾਨ ਰੋਜ਼ ਮਰਦਾ ਰਹੇ—ਇਹੀ ਮਾਨਸਿਕ ਹਿੰਸਾ ਹੈ।

3. ਆਰਥਿਕ ਸ਼ੋਸ਼ਣ: ਘਰ ਦੀ ਕਮਾਈ 'ਤੇ ਹੱਕ ਨਾ ਹੋਣਾ, ਖ਼ਰਚਿਆਂ 'ਤੇ ਪਾਬੰਦੀ, ਆਪਣੇ ਸ਼ੌਕ ਤਿਆਗਣੇ, ਇੱਥੋਂ ਤੱਕ ਕਿ ਕਈਆਂ ਤੋਂ ਉਨ੍ਹਾਂ ਦੀ ਤਨਖਾਹ ਵੀ ਖੋਹ ਲਈ ਜਾਂਦੀ ਹੈ। ਇਹ ਆਰਥਿਕ ਬੇੜੀਆਂ ਆਵਾਜ਼ ਨੂੰ ਹੋਰ ਮਜ਼ਬੂਤੀ ਨਾਲ ਬੰਨ੍ਹਦੀਆਂ ਹਨ।

4. ਸਮਾਜਿਕ ਦਬਾਅ: ਪਰਿਵਾਰ, ਰਿਸ਼ਤੇਦਾਰ, ਗੁਆਂਢੀ—ਸਾਰੇ ਮਿਲ ਕੇ ਇੱਕ ਕੰਧ ਬਣ ਜਾਂਦੇ ਹਨ। ਉਨ੍ਹਾਂ ਦੀ ਸੋਚ ਹੁੰਦੀ ਹੈ—"ਘਰ ਦਾ ਮਾਮਲਾ ਘਰ ਵਿੱਚ ਹੀ ਰਹਿਣਾ ਚਾਹੀਦਾ ਹੈ।" ਪਰ ਸਵਾਲ ਹੈ—ਕੀ ਚੀਖਾਂ ਵੀ ਦਰਵਾਜ਼ਿਆਂ ਦੇ ਫਰੇਮਾਂ ਵਿੱਚ ਕੈਦ ਹੋ ਸਕਦੀਆਂ ਹਨ ?

ਸ਼ੀਸ਼ੇ ਦੇ ਦਰਵਾਜ਼ਿਆਂ ਦਾ ਸੱਚ — ਪਾਰਦਰਸ਼ੀ ਪਰ ਫਿਰ ਵੀ ਅੰਨ੍ਹੇ

ਸ਼ੀਸ਼ੇ ਦੇ ਦਰਵਾਜ਼ੇ ਸੱਚ ਦੱਸਦੇ ਹਨ, ਪਰ ਸਮਾਜ ਦੀ ਅੰਨ੍ਹੀ ਅੱਖ ਉਹ ਵੇਖਣਾ ਨਹੀਂ ਚਾਹੁੰਦੀ। ਝਗੜੇ, ਰੋਣੇ, ਮਾਰ-ਕੁੱਟ, ਖ਼ੁਦ ਨੂੰ ਦੋਸ਼ ਦੇਣਾ, ਡਰ ਦੇ ਸਾਏ, ਬੱਚਿਆਂ ਦੀ ਹਿੰਮਤ ਤੋੜਦੀ ਚੁੱਪ—ਇਹ ਸਭ ਕੁਝ ਸ਼ੀਸ਼ੇ ਦੇ ਉਸ ਪਾਰ ਦਿਖਦਾ ਤਾਂ ਹੈ, ਪਰ ਕਦੇ ਕਬੂਲ ਨਹੀਂ ਕੀਤਾ ਜਾਂਦਾ।

ਸਮਾਜ ਹਮੇਸ਼ਾ ਦਿਖਾਵੇ ਦਾ ਭੁੱਖਾ ਹੈ। ਜਿੱਥੇ ਘਰ ਸੋਹਣਾ ਹੈ, ਫਰਨੀਚਰ ਚਮਕਦਾ ਹੈ, ਪਰਿਵਾਰ ਫੋਟੋਆਂ ਵਿੱਚ ਖ਼ੁਸ਼ ਹੈ—ਉੱਥੇ ਚੀਖਾਂ ਦਾ ਸੁਣਨਾ ਇਸ ਨੂੰ ਆਪਣੀ ਸ਼ਾਨ ਦੇ ਖ਼ਿਲਾਫ਼ ਲੱਗਦਾ ਹੈ।

ਪੀੜਤ ਕਿਉਂ ਚੁੱਪ ਰਹਿੰਦੇ ਹਨ ?

ਇੱਜ਼ਤ ਦਾ ਡਰ: ਖ਼ਾਸ ਕਰਕੇ ਔਰਤਾਂ ਨੂੰ ਬਚਪਨ ਤੋਂ ਸਿਖਾਇਆ ਜਾਂਦਾ ਹੈ: "ਘਰ ਵਸਾਉਣਾ ਹੈ, ਤੋੜਨਾ ਨਹੀਂ।÷

ਆਰਥਿਕ ਨਿਰਭਰਤਾ: ਜਿਹੜੇ ਲੋਕ ਕਮਾਉਣ ਵਾਲੇ 'ਤੇ ਨਿਰਭਰ ਹਨ, ਉਹ ਅੱਤਿਆਚਾਰ ਸਹਿ ਕੇ ਵੀ ਚੁੱਪ ਰਹਿੰਦੇ ਹਨ।

ਬੱਚਿਆਂ ਦੀ ਹਿਫ਼ਾਜ਼ਤ ਦਾ ਭਰਮ: ਮਾਪੇ ਸੋਚਦੇ ਹਨ ਕਿ ਬੱਚਿਆਂ ਲਈ ਘਰ ਟੁੱਟਣਾ ਨਹੀਂ ਚਾਹੀਦਾ, ਪਰ ਹਕੀਕਤ ਇਹ ਹੈ ਕਿ ਬੱਚੇ ਉਹ ਚੀਖਾਂ ਸੁਣ ਕੇ ਸਭ ਤੋਂ ਵੱਧ ਮਾਨਸਿਕ ਤੌਰ 'ਤੇ ਪ੍ਰਭਾਵਿਤ ਹੁੰਦੇ ਹਨ।

ਸਮਾਜਿਕ ਤਾਅਨੇ: "ਛੱਡ ਕੇ ਆ ਗਈ ?÷, "ਮਰਦ ਨੂੰ ਵੀ ਤਾਂ ਗੁੱਸਾ ਆ ਜਾਂਦਾ ਹੈ", "ਘਰ-ਘਰ ਦੀ ਕਹਾਣੀ ਹੈ÷। ਇਹ ਤਾਅਨੇ ਅੱਤਿਆਚਾਰੀ ਨੂੰ ਨਹੀਂ, ਸਗੋਂ ਪੀੜਤ ਨੂੰ ਹੀ ਦੋਸ਼ੀ ਬਣਾ ਦਿੰਦੇ ਹਨ।

ਆਵਾਜ਼ ਦਬਾਈ ਨਹੀਂ, ਉਠਾਈ ਜਾਣੀ ਚਾਹੀਦੀ ਹੈ ਘਰੇਲੂ ਹਿੰਸਾ ਕੋਈ ਨਿੱਜੀ ਮਸਲਾ ਨਹੀਂ, ਸਗੋਂ ਇੱਕ ਸਮਾਜਿਕ ਬਿਮਾਰੀ ਹੈ। ਇਸ ਨੂੰ ਕਮਰੇ ਵਿੱਚ ਬੰਦ ਕਰਨਾ ਜਾਂ ਚੀਖਾਂ ਨੂੰ ਦਬਾ ਦੇਣਾ ਹਿੰਸਾ ਨੂੰ ਹੋਰ ਮਜ਼ਬੂਤ ਕਰਦਾ ਹੈ। ਜਿੱਥੇ ਵੀ ਅਜਿਹਾ ਕੁਝ ਵੇਖੋ:

ਸਹਿਯੋਗ ਕਰੋ।

ਗਵਾਹ ਬਣੋ।

ਪੀੜਤ ਦੀ ਕਹਾਣੀ ਸੁਣੋ।

ਹਿੰਸਾ ਨੂੰ 'ਹਿੰਸਾ' ਕਹੋ।

ਚੁੱਪੀ ਤੋੜਨ ਵਿੱਚ ਮਦਦਗਾਰ ਬਣੋ।

ਸਮਾਜ ਨੂੰ ਬਦਲਣ ਲਈ ਕੀ ਲੋੜ ਹੈ ?

1. ਖੁੱਲ੍ਹੀ ਗੱਲਬਾਤ: ਸਕੂਲਾਂ, ਕਾਲਜਾਂ ਅਤੇ ਪੰਚਾਇਤਾਂ ਵਿੱਚ ਇਸ ਬਾਰੇ ਜਾਗਰੂਕਤਾ ਹੋਣੀ ਚਾਹੀਦੀ ਹੈ।

2. ਮਦਦ: ਪੀੜਤ ਲਈ ਕਾਨੂੰਨੀ ਅਤੇ ਮਨੋਵਿਗਿਆਨਕ ਸਹਾਇਤਾ (ਕਾਉਂਸਲਿੰਗ) ਹਰ ਵੇਲੇ ਉਪਲਬਧ ਹੋਵੇ।

3. ਸੰਵੇਦਨਸ਼ੀਲਤਾ: ਮਰਦਾਂ ਵਿੱਚ ਜ਼ਿੰਮੇਵਾਰੀ ਅਤੇ ਅਹਿਸਾਸ ਦੀ ਸਿੱਖਿਆ ਹੋਣੀ ਚਾਹੀਦੀ ਹੈ।

4. ਬੱਚਿਆਂ ਦੀ ਸਿੱਖਿਆ: ਬੱਚਿਆਂ ਨੂੰ ਡਰ ਤੋਂ ਮੁਕਤ ਹੋ ਕੇ ਸੱਚ ਬੋਲਣਾ ਸਿਖਾਉਣਾ ਚਾਹੀਦਾ ਹੈ।

**ਅੰਤ**-ਸ਼ੀਸ਼ੇ ਦੇ ਦਰਵਾਜ਼ੇ ਕੱਚ ਦੇ ਹੁੰਦੇ ਹਨ, ਪਰ ਚੀਖਾਂ ਨੂੰ ਸੁਣਨ ਲਈ ਲੋਹੇ ਵਰਗੀ ਮਜ਼ਬੂਤ ਮਾਨਸਿਕਤਾ ਦੀ ਲੋੜ ਹੈ। ਸਮਾਜ ਦਾ ਦੋਗਲਾਪਣ ਅਤੇ ਖ਼ਾਮੋਸ਼ੀ ਦੀ ਸਾਜ਼ਿਸ਼ ਕੋਈ ਤਕਦੀਰ ਨਹੀਂ, ਸਗੋਂ ਬਦਲਣਯੋਗ ਹਕੀਕਤ ਹੈ।

ਹਰ ਚੀਖ ਨੂੰ ਆਵਾਜ਼ ਮਿਲਣੀ ਚਾਹੀਦੀ ਹੈ, ਹਰ ਦਰਵਾਜ਼ੇ ਪਿੱਛੇ ਲੁਕੀ ਪੀੜ ਨੂੰ ਰੌਸ਼ਨੀ ਮਿਲਣੀ ਚਾਹੀਦੀ ਹੈ, ਅਤੇ ਹਰ ਘਰ—ਚਾਹੇ ਸ਼ੀਸ਼ਿਆਂ ਵਾਲਾ ਹੋਵੇ ਜਾਂ ਮਿੱਟੀ ਦਾ—ਸੁਰੱਖਿਆ ਦਾ ਕਿਲ੍ਹਾ ਬਣਨਾ ਚਾਹੀਦਾ ਹੈ।

ਇੱਕ ਕੋਸ਼ਿਸ਼ ਕਰਕੇ ਤਾਂ ਵੇਖੋ, ਇੱਕ ਸ਼ੁਰੂਆਤ ਕਰਕੇ ਤਾਂ ਵੇਖੋ।

**-ਜਸਵੰਤ ਗਰੇਵਾਲ**

## ਸ੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਪਿੰਡ ਭੱਦਲਵੱਡ ਵਿਖੇ

# ਓ.ਐਸ.ਡੀ. ਸੁਖਵੀਰ ਸਿੰਘ ਨੇ ਕਰਵਾਈ ਵਿਕਾਸ ਕਾਰਜਾਂ ਦੀ ਸ਼ੁਰੂਆਤ



**ਧੂਰੀ (ਰਣਜੀਤ ਸਿੰਘ ਪੇਧਨੀ)**-ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਪਿੰਡ ਭੱਦਲਵੱਡ ਵਿਖੇ ਪਿੰਡ ਦੇ ਸਰਬਪੱਖੀ ਵਿਕਾਸ ਲਈ 50 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਇਸੇ ਲੜੀ ਤਹਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿੱਚ ਕਰੀਬ 10 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਗੇਟ ਤੇ ਕੰਮ ਦੀ ਸ਼ੁਰੂਆਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓਐਸਡੀ ਸੁਖਵੀਰ ਸਿੰਘ ਵੱਲੋਂ ਕਰਵਾਈ ਗਈ। ਇਸ ਮੌਕੇ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਗੁਰੂ ਸਾਹਿਬ ਜੀ ਦੇ ਚਰਨ ਛੋਹ ਪਿੰਡਾਂ ਵਿੱਚ 50-50 ਲੱਖ ਰੁਪਏ ਨਾਲ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਪਿੰਡ ਭੱਦਲਵੱਡ ਬਹੁਤ ਹੀ ਇਤਿਹਾਸਿਕ ਪਿੰਡ ਹੈ ਜਿੱਥੇ ਤਿੰਨ ਗੁਰੂ ਸਾਹਿਬਾਨਾਂ ਵੱਲੋਂ ਆਪਣੇ ਚਰਨ ਪਾਏ ਗਏ ਹਨ। ਉਹਨਾਂ ਦੱਸਿਆ ਕਿ ਇੱਥੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਚਰਨ ਪਾਏ ਗਏ ਹਨ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਪਿੰਡ ਵਿੱਚ ਕੁੱਲ 50 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਪ੍ਰਾਜੈਕਟ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚ 5 ਲੱਖ ਰੁਪਏ ਬੱਸ ਅੱਡੇ ਲਈ, 10 ਲੱਖ ਰੁਪਏ ਗੁਰਦੁਆਰਾ ਸਾਹਿਬ ਨੂੰ ਜਾਂਦੇ ਰਸਤੇ ਦੇ ਨਵੀਨੀਕਰਨ ਲਈ, 5 ਲੱਖ ਰੁਪਏ ਪੰਚਾਇਤ ਘਰ ਲਈ ਅਤੇ 20 ਲੱਖ ਰੁਪਏ ਖੇਡ ਮੈਦਾਨ ਦੇ ਵਿਕਾਸ ਲਈ ਖਰਚ ਕੀਤੇ ਜਾਣਗੇ। ਇਸ ਮੌਕੇ ਬਲਾਕ ਪ੍ਰਧਾਨ ਤੀਰਥ ਸਿੰਘ ਭੱਦਲਵੜ , ਪੁਸ਼ਿਪੰਦਰ ਸ਼ਰਮਾ, ਸਰਪੰਚ ਕਰਮਜੀਤ ਸਿੰਘ, ਸੋਹਣ ਸਿੰਘ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਮੌਜੂਦ ਸਨ।

# ਸੁੱਕੇ ਅਤੇ ਕੁਦਰਤੀ ਰੰਗਾਂ ਨਾਲ ਮਨਾਇਆ ਜਾਵੇ ਹੋਲੀ ਦਾ ਤਿਉਹਾਰ ਜਸਵੰਤ ਸਿੰਘ ਹਰਪੁਰਾ ਯੂਐਸਏ



ਚੰਡੀਗੜ੍ਹ (ਰਣਜੀਤ ਸਿੰਘ ਪੇਧਨੀ) ਪ੍ਰਾਚੀਨ ਕਾਲ ਤੋਂ ਹੀ ਤਿਉਹਾਰ ਸਾਡੀ ਜੀਵਨ ਦਾ ਮਹੱਤਵਪੂਰਨ ਹਿੱਸਾ ਰਹੇ ਹਨ। ਇਹ ਇਤਿਹਾਸ ਸਾਡੇ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹੋਏ ਸਾਡੇ ਜੀਵਨ ਵਿੱਚ ਵੀ ਖ਼ੁਸ਼ੀਆਂ ਭਰ ਦਿੰਦੇ ਹਨ। ਹੋਲੀ ਵੀ ਅਜਿਹਾ ਹੀ ਤਿਉਹਾਰ ਹੈ ਜੋ ਪੂਰੇ ਦੇਸ਼ ਭਰ ਵਿੱਚ ਜੋਸ਼ ਤੇ ਉਤਸਾਹ ਨਾਲ ਮਨਾਇਆ ਜਾਂਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਜਸਵੰਤ ਸਿੰਘ ਹਰਪੁਰਾ ਯੂਐਸਏ ਨੇ ਕੀਤਾ। ਉਨ੍ਹਾਂ ਕਿਹਾ ਪੰਜਾਬ ਇਹ ਤਿਉਹਾਰ ਹਰ ਵਰਗ ਬੱਚੇ, ਮਹਿਲਾਵਾਂ, ਬਜ਼ੁਰਗਾਂ ਅਤੇ ਜਵਾਨਾਂ ਵੱਲੋਂ ਖ਼ੁਸ਼ੀਆਂ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਹੋਲੀ ਦੇ ਰੰਗਾਂ ਦੇ ਨਾਲ ਖ਼ੁਸ਼ੀਆਂ ਦੇ ਰੰਗ ਵਿੱਚ ਵੀ ਰੰਗੇ ਜਾਂਦੇ ਹਨ। ਅੱਜ ਕੱਲ ਦੇਖਣ ਵਿੱਚ ਆਉਂਦਾ ਹੈ ਕਿ ਹਰ ਤਿਉਹਾਰ ਮੌਕੇ ਵਾਤਾਵਰਨ ਦਾ ਧਿਆਨ ਨਹੀਂ ਰੱਖਿਆ ਜਾਂਦਾ। ਇਸ ਸਬੰਧੀ ਵੱਖ ਵੱਖ ਸ਼ਖਸ਼ੀਅਤਾਂ ਵੱਲੋਂ ਹੋਲੀ ਨੂੰ ਵਾਤਾਵਰਣ ਅਨੁਕੂਲ ਬਣਾਉਣ ਸਬੰਧੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਹੋਲੀ ਮੌਕੇ ਸਾਨੂੰ ਕੈਮੀਕਲ ਨਾਲ ਬਣੇ ਰੰਗਾਂ ਦੀ ਬਜਾਏ ਘਰਾਂ ਵਿੱਚ ਤਿਆਰ ਕੀਤੇ ਜਾ ਹਰਬਲ ਰੰਗਾਂ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਅੱਜ ਕੱਲ ਹੋਲੀ ਮੌਕੇ ਬਾਜ਼ਾਰਾਂ ਵਿੱਚ ਕੈਮੀਕਲ ਵਾਲੇ ਰੰਗ ਵੇਚੇ ਜਾਂਦੇ ਹਨ ਜੋ ਸਾਡੀ ਅਤੇ ਵਿਸ਼ੇਸ਼ ਤੌਰ ਤੇ ਬੱਚਿਆਂ ਦੀ ਚਮੜੀ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਕੈਮੀਕਲ ਵਾਲੇ ਰੰਗਾਂ ਦਾ ਪ੍ਰਯੋਗ ਕਰਨ ਤੋਂ ਬਚਾਉਣਾ ਚਾਹੀਦਾ ਹੈ।

# ਪੰਜਾਬ 'ਚ ਬਦਲਾਅ ਦੀ ਲਹਿਰ ਦਾ ਸੰਕੇਤ ਬਣੀ ਰਾਹੁਲ ਗਾਂਧੀ ਦੀ ਬਰਨਾਲਾ ਰੈਲੀ : ਕਮਲਜੀਤ ਸਿੰਘ ਚੱਕ



ਮਹਿਲ ਕਲਾਂ ( ਰਣਜੀਤ ਸਿੰਘ ਪੇਧਨੀ ) ਰਾਹੁਲ ਗਾਂਧੀ ਦੀ ਬਰਨਾਲਾ ਵਿੱਚ ਹੋਈ ਵਿਸ਼ਾਲ ਰੈਲੀ ਨੇ ਇਤਿਹਾਸਕ ਰੂਪ ਧਾਰ ਲਿਆ। ਇਸ ਮੌਕੇ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਦੀ ਭਾਰੀ ਭੀੜ ਨੇ ਸ਼ਮੂਲੀਅਤ ਕਰਕੇ ਕਾਂਗਰਸ ਪਾਰਟੀ ਪ੍ਰਤੀ ਆਪਣਾ ਭਰੋਸਾ ਦਰਸਾਇਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਉੱਘੇ ਸਮਾਜ ਸੇਵੀ, ਹਲਕਾ ਮਹਿਲ ਕਲਾਂ ਤੋਂ ਪਾਰਟੀ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਕਮਲਜੀਤ ਸਿੰਘ ਚੱਕ ਨੇ ਕੀਤਾ। ਉਨ੍ਹਾਂ ਕਿਹਾ ਕਿ ਇਹ ਇਤਿਹਾਸਕ ਰੈਲੀ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ ਅਤੇ ਸਮੁੱਚੀ ਕਾਂਗਰਸ ਟੀਮ ਦੀ ਦਿਨ-ਰਾਤ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਰੈਲੀ ਦੀਆਂ ਤਿਆਰੀਆਂ ਕਾਫ਼ੀ ਸਮੇਂ ਤੋਂ ਚੱਲ ਰਹੀਆਂ ਸਨ ਅਤੇ ਵਰਕਰਾਂ ਨੇ ਘਰ-ਘਰ ਜਾ ਕੇ ਲੋਕਾਂ ਨੂੰ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਰਾਹੁਲ ਗਾਂਧੀ ਜੀ ਨੇ ਆਪਣੇ ਸੰਬੋਧਨ ਦੌਰਾਨ ਦੇਸ਼ ਅਤੇ ਪੰਜਾਬ ਦੇ ਮੌਜੂਦਾ ਹਾਲਾਤਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਲੋਕ-ਹਿਤੀ ਮਸਲਿਆਂ ਉਭਾਰਿਆ। ਉਨ੍ਹਾਂ ਨੇ ਦਾਅਵਾ ਕੀਤਾ ਕਿ ਬਰਨਾਲਾ ਦੀ ਇਹ ਰੈਲੀ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਰਾਜਨੀਤੀ 'ਤੇ ਗਹਿਰਾ ਅਸਰ ਛੱਡੇਗੀ। ਉਨਾਂ ਕਿਹਾ ਕਿ ਰੈਲੀ ਵਿੱਚ ਨੌਜਵਾਨਾਂ, ਕਿਸਾਨਾਂ ਅਤੇ ਮਹਿਲਾਵਾਂ ਦੀ ਵੱਡੀ ਹਾਜ਼ਰੀ ਨੇ ਸਾਬਤ ਕਰ ਦਿੱਤਾ ਹੈ ਕਿ ਲੋਕ ਕਾਂਗਰਸ ਪਾਰਟੀ ਦੀ ਨੀਤੀ ਅਤੇ ਨਿਯਤ 'ਤੇ ਭਰੋਸਾ ਕਰਦੇ ਹਨ। ਅੰਤ ਵਿੱਚ ਉਨ੍ਹਾਂ ਸਾਰੇ ਮਹਿਲ ਕਲਾਂ ਦੇ ਪਾਰਟੀ ਵਰਕਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਰੈਲੀ ਨੂੰ ਕਾਮਯਾਬ ਬਣਾਉਣ ਲਈ ਆਪਣਾ ਯੋਗਦਾਨ ਪਾਇਆ।

# ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ ਧੂਰੀ ਹਲਕੇ ਦੇ 13 ਪਿੰਡਾਂ ਦੇ 193 ਪਰਿਵਾਰਾਂ ਨੂੰ 1.07 ਕਰੋੜ ਰੁਪਏ ਦੇ ਮੁਆਵਜ਼ੇ ਦੇ ਮਨਜ਼ੂਰੀ ਪੱਤਰਾਂ ਦੀ ਵੰਡ



**ਧੂਰੀ (ਰਣਜੀਤ ਸਿੰਘ ਪੇਧਨੀ** )-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਅੱਜ ਧੂਰੀ ਹਲਕੇ ਦੇ 13 ਪਿੰਡਾਂ ਦੇ 193 ਪ੍ਰਭਾਵਿਤ ਪਰਿਵਾਰਾਂ ਨੂੰ ਬਰਸਾਤਾਂ ਦੌਰਾਨ ਨੁਕਸਾਨੇ ਮਕਾਨਾਂ ਦੇ ਮੁਆਵਜ਼ੇ ਵਜੋਂ ਕੁੱਲ 1 ਕਰੋੜ 7 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਸੌਂਪੇ। ਇਸ ਮੌਕੇ ਸੰਬੋਧਨ ਕਰਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਮੁਸ਼ਕਲ ਸਮੇਂ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਮਜ਼ਬੂਤੀ ਨਾਲ ਖੜੀ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਪਰਿਵਾਰਾਂ ਦੇ ਮਕਾਨ ਪੂਰੀ ਤਰ੍ਹਾਂ ਨੁਕਸਾਨੇ ਗਏ ਹਨ, ਉਨ੍ਹਾਂ ਨੂੰ ਪ੍ਰਤੀ ਪਰਿਵਾਰ 1 ਲੱਖ 20 ਹਜ਼ਾਰ ਰੁਪਏ ਦੀ ਰਾਹਤ ਰਕਮ ਪ੍ਰਦਾਨ ਕੀਤੀ ਗਈ ਹੈ, ਜਦਕਿ ਅੰਸ਼ਿਕ ਤੌਰ 'ਤੇ ਨੁਕਸਾਨ ਝੱਲਣ ਵਾਲੇ ਪਰਿਵਾਰਾਂ ਨੂੰ 40 ਹਜ਼ਾਰ ਰੁਪਏ ਦੀ ਸਹਾਇਤਾ ਜਾਰੀ ਕੀਤੀ ਗਈ ਹੈ। ਇਹ ਰਕਮ ਸਰਕਾਰ ਵੱਲੋਂ ਨਿਰਧਾਰਤ ਮਾਪਦੰਡਾਂ ਅਤੇ ਪਾਰਦਰਸ਼ੀ ਪ੍ਰਕਿਰਿਆ ਅਨੁਸਾਰ ਮਨਜ਼ੂਰ ਕੀਤੀ ਗਈ ਹੈ। ਉਨ੍ਹਾਂ ਹੋਰ ਕਿਹਾ ਕਿ ਧੂਰੀ ਹਲਕੇ ਦੇ ਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕਰਨਾ ਸਰਕਾਰ ਦੀ ਪਹਿਲੀ ਤਰਜੀਹ ਹੈ ਅਤੇ ਕੋਈ ਵੀ ਯੋਗ ਪਰਿਵਾਰ ਸਹਾਇਤਾ ਤੋਂ ਵਾਂਝਾ ਨਹੀਂ ਰਹੇਗਾ। ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜੇਕਰ ਕਿਸੇ ਪ੍ਰਭਾਵਿਤ ਪਰਿਵਾਰ ਦਾ ਮਾਮਲਾ ਅਜੇ ਬਕਾਇਆ ਹੈ ਤਾਂ ਉਸ ਦੀ ਤੁਰੰਤ ਜਾਂਚ ਕਰਕੇ ਯੋਗ ਰਾਹਤ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਦੱਸਿਆ ਕਿ ਅੱਜ ਜਿਨ੍ਹਾਂ ਪਿੰਡਾਂ ਦੇ ਪਰਿਵਾਰਾਂ ਨੂੰ ਮਨਜ਼ੂਰੀ ਪੱਤਰ ਸੌਂਪੇ ਗਏ, ਉਨ੍ਹਾਂ ਵਿੱਚ ਪਿੰਡ ਅਲਾਲ ਦੇ 9 ਪਰਿਵਾਰ, ਬਾਲੀਆਂ ਦੇ 5, ਬਮਾਲ ਦੇ 38, ਬਰੜਵਾਲ ਦੇ 17, ਭਸੌੜ ਦੇ 6, ਚੀਮਾ ਦੇ 12, ਦੁਗਨੀ ਦੇ 28, ਹਸਨਪੁਰ ਦੇ 9, ਈਸੀ ਦੇ 13, ਜਾਤੀਮਾਜਰਾ ਦਾ 1, ਮੂਲੋਵਾਲ ਦੇ 18, ਪੇਧਨੀ ਕਲਾਂ ਦੇ 13 ਅਤੇ ਰੁਲਦੂ ਸਿੰਘ ਵਾਲਾ ਦੇ 24 ਪਰਿਵਾਰ ਸ਼ਾਮਲ ਹਨ। ਇਸ ਤੋਂ ਇਲਾਵਾ ਪਿੰਡ ਦੌਲਤਪੁਰ ਦੇ ਗੁਰਦਿਆਂ ਦੀ ਗੰਭੀਰ ਬਿਮਾਰੀ ਨਾਲ ਪੀੜਤ ਇਕ ਵਿਅਕਤੀ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ 1 ਲੱਖ ਰੁਪਏ ਦੀ ਆਰਥਿਕ ਸਹਾਇਤਾ ਵੀ ਪ੍ਰਦਾਨ ਕੀਤੀ ਗਈ। ਇਸ ਮੌਕੇ ਮੁੱਖ ਮੰਤਰੀ ਦੇ ਸੰਯੁਕਤ ਪ੍ਰਮੁੱਖ ਸਕੱਤਰ ਸੰਦੀਪ ਸਿੰਘ ਗਾੜ੍ਹਾ, ਐਸ.ਡੀ.ਐਮ. ਧੂਰੀ ਡਾ. ਇਸਮਤ ਵਿਜੈ ਸਿੰਘ, ਰਿਸ਼ਭ ਬਾਂਸਲ, ਮੁੱਖ ਮੰਤਰੀ ਫੀਲਡ ਅਫ਼ਸਰ ਅਰਵਿੰਦ ਕੁਮਾਰ, ਪੁਸ਼ਿਪੰਦਰ ਸ਼ਰਮਾ, ਰਮਨਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਲਾਭਪਾਤਰੀ ਮੌਜੂਦ ਸਨ। ਸਮਾਗਮ ਦੇ ਅੰਤ ਵਿੱਚ ਓ.ਐਸ.ਡੀ. ਸੁਖਵੀਰ ਸਿੰਘ ਨੇ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਮੁਸ਼ਕਲ ਦੀ ਘੜੀ ਵਿੱਚ ਲੋਕਾਂ ਦੇ ਨਾਲ ਖੜੀ ਹੈ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਮੁਹੱਈਆ ਕਰਵਾਉਣਾ ਆਪਣਾ ਫ਼ਰਜ਼ ਸਮਝਦੀ ਹੈ। ਉਨ੍ਹਾਂ ਕਿਹਾ ਕਿ ਲੋਕ-ਕੇਂਦਰਿਤ ਅਤੇ ਜ਼ਿੰਮੇਵਾਰ ਪ੍ਰਸ਼ਾਸਨ ਦੇ ਸਿਧਾਂਤਾਂ 'ਤੇ ਚੱਲਦਿਆਂ ਹਰ ਯੋਗ ਵਿਅਕਤੀ ਤੱਕ ਸਰਕਾਰੀ ਸਹਾਇਤਾ ਪਹੁੰਚਾਉਣ ਲਈ ਵਚਨਬੱਧਤਾ ਨਾਲ ਕੰਮ ਕੀਤਾ ਜਾ ਰਿਹਾ ਹੈ।

ਅੱਜ 3 ਮਾਰਚ ਨੂੰ ਬਰਸੀ 'ਤੇ ਵਿਸ਼ੇਸ਼

# ਡਾ: ਮਹਿੰਦਰ ਸਿੰਘ ਰੰਧਾਵਾ ਨੂੰ ਯਾਦ ਕਰਦਿਆਂ



-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040



**ਪੰਜਾਬ** ਦੇ ਸੱਭਿਆਚਾਰ ਨੂੰ ਦਿਲ ਦੀ ਗਹਿਰਾਈਆਂ ਤੋਂ ਸਨੇਹ ਕਰਨ ਵਾਲੇ, ਪੰਜਾਬ ਲਈ ਆਧੁਨਿਕ ਦਿੱਖ ਵਾਲਾ ਸ਼ਹਿਰ ਚੰਡੀਗੜ੍ਹ ਵਸਾਉਣ ਵਾਲੇ ਅਤੇ ਪੰਜਾਬ ਦੀ ਵੰਡ ਕਾਰਨ ਬੇਘਰ ਹੋਏ ਪੰਜਾਬੀਆਂ ਦਾ ਪੁਨਰ ਵਸੇਵਾ ਕਰਵਾਉਣ ਵਾਲੇ ਡਾ: ਮਹਿੰਦਰ ਸਿੰਘ ਰੰਧਾਵਾ ਦਾ ਜਨਮ 2 ਜਨਵਰੀ, 1909 ਈ: ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੋਦਲ ਵਿਖੇ ਸ: ਸ਼ੇਰ ਸਿੰਘ ਰੰਧਾਵਾ ਅਤੇ ਮਾਤਾ ਬਚਿੰਤ

ਆਵਾਜ਼ਿ ਕੌਮ AWAZE QAUM International Newspaper & WEB TV

ਕੌਰ ਦੇ ਗ੍ਰਹਿ ਵਿਖੇ ਹੋਇਆ ।ਜਨਮ ਸਮੇਂ ਮਾਤਾ ਜੀ ਅਤੇ ਪਿਤਾ ਜੀ ਫਿਰੋਜ਼ਪੁਰ ਜ਼ਿਲ੍ਹੇ ਦੇ ਕਸਬਾ ਜ਼ੀਰਾ ਵਿੱਚ ਰਹਿ ਰਹੇ ਸਨ ।ਸਕੂਲ ਦੀ ਪੜ੍ਹਾਈ ਪਿੱਛੋਂ ਉਹ ਲਾਹੌਰ ਚਲੇ ਗਏ ।ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਐੱਮ ਐੱਸ ਸੀ। ਬੌਟਨੀ ਦਾ ਇਮਤਿਹਾਨ 1930 ਈ: ਵਿੱਚ ਪਾਸ ਕੀਤਾ ।ਡਾ: ਮਹਿੰਦਰ ਸਿੰਘ ਰੰਧਾਵਾ 1934 ਈ: ਵਿੱਚ ਆਈ ਸੀ ਐੱਸ। (ਭਾਰਤੀ ਸਿਵਿਲ ਸੇਵਾਵਾਂ) ਲਈ ਚੁਣੇ ਗਏ ।ਆਈ ਸੀ ਐੱਸ। ਦੀ ਚੋਣ ਤੋਂ ਪਿੱਛੋਂ ਉਨ੍ਹਾਂ ਦੀ ਉੱਤਰ ਪ੍ਰਦੇਸ਼ ਵਰਗੇ ਵੱਡੇ ਰਾਜ ਵਿੱਚ ਵੱਖ-ਵੱਖ ਪ੍ਰਬੰਧਕੀ ਅਹੁਦਿਆਂ 'ਤੇ ਨਿਯੁਕਤੀ ਹੁੰਦੀ ਰਹੀ ।ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ 1946 ਈ: ਵਿੱਚ ਦੋ ਸਾਲ ਦਿੱਲੀ ਸ਼ਹਿਰ ਦੇ ਡਿਪਟੀ ਕਮਿਸ਼ਨਰ ਵੀ ਰਹੇ ।

ਦੇਸ਼ ਦੀ ਅਜ਼ਾਦੀ ਤੋਂ ਪਿੱਛੋਂ ਦੇਸ਼ ਦੇ ਬਟਵਾਰੇ ਸਮੇਂ ਉਜੜ ਕੇ ਆਏ ਸ਼ਰਨਾਰਥੀਆਂ ਦੇ ਪੁਨਰਵਾਸ ਸਬੰਧੀ ਮਹਿਕਮੇ ਦੇ 1949 ਤੋਂ 1951 ਈ: ਤੱਕ ਡਾਇਰੈਕਟਰ ਜਨਰਲ ਵਜੋਂ ਤਾਇਨਾਤ ਰਹੇ ।1955 ਈ: ਤੋਂ 1966 ਈ: ਤੱਕ ਡਾ: ਰੰਧਾਵਾ ਨਵੀਂ ਦਿੱਲੀ ਵਿਖੇ ਇੰਡੀਅਨ ਐਗਰੀਕਲਚਰ ਕੌਂਸਲ ਦੇ ਉਪ-ਪ੍ਰਧਾਨ, ਯੋਜਨਾ ਕਮਿਸ਼ਨਰ ਦੇ ਕੁਦਰਤੀ ਸਾਧਨਾਂ ਸਬੰਧੀ ਸਲਾਹਕਾਰ ਤੋਂ ਇਲਾਵਾ ਖੁਰਾਕ ਅਤੇ ਖੇਤੀਬਾੜੀ ਮੰਤਰਾਲੇ ਵਿੱਚ ਸਕੱਤਰ ਦੇ ਜ਼ਿੰਮੇਵਾਰ ਅਹੁਦਿਆਂ 'ਤੇ ਸੁਸ਼ੋਭਿਤ ਰਹੇ।

1966 ਈ: ਵਿੱਚ ਡਾ: ਰੰਧਾਵਾ ਕੇਂਦਰੀ ਸ਼ਾਸਤ ਖੇਤਰ ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਬਣੇ ।ਇਸ ਤੋਂ ਛੇਤੀ ਪਿੱਛੋਂ 1968 ਈ: ਵਿੱਚ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ-ਚਾਂਸਲਰ ਨਿਯੁਕਤ ਹੋਏ ।ਪੰਜਾਬ ਦੀ ਖੇਤੀ ਨੂੰ ਆਧੁਨਿਕ ਯੁੱਗ ਦੇ ਹਾਣ ਦਾ ਬਨਾਉਣ ਲਈ ਪੰਜਾਬ ਦਾ ਹਰ ਜ਼ਿਮੀਂਦਾਰ ਅੱਜ ਵੀ ਉਨ੍ਹਾਂ ਨੂੰ ਯਾਦ ਕਰਦਾ ਹੈ । 1979 ਈ: ਵਿੱਚ ਇਨ੍ਹਾਂ ਜ਼ਿੰਮੇਵਾਰ ਸਰਕਾਰੀ ਅਹੁਦਿਆਂ ਤੋਂ ਸੇਵਾ-ਮੁਕਤ ਹੋਏ ।ਡਾ: ਮਹਿੰਦਰ ਸਿੰਘ ਰੰਧਾਵਾ ਪੰਜਾਬੀ ਮਾਂ-ਬੋਲੀ ਅਤੇ ਪੰਜਾਬੀ ਸੱਭਿਆਚਾਰ ਦਾ ਅਜਿਹਾ ਲਾਡਲਾ ਸਪੁੱਤਰ ਸੀ, ਜਿਸ ਨੇ ਖੇਤੀਬਾੜੀ, ਬਨਸਪਤੀ, ਵਿਗਿਆਨ, ਇਤਿਹਾਸ, ਸਮਾਜਿਕ ਵਿਗਿਆਨ, ਪੇਂਡੂ ਵਿਕਾਸ, ਸਾਹਿਤ, ਸੱਭਿਆਚਾਰ, ਲੋਕਧਾਰਾ, ਪਹਾੜੀ ਚਿੱਤਰਕਲਾ ਖਾਸ ਕਰਕੇ ਕਾਂਗੜਾ ਚਿੱਤਰਕਲਾ ਸਬੰਧੀ ਅੰਗ੍ਰੇਜ਼ੀ, ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿੱਚ ਮਹੱਤਵਪੂਰਨ ਪੁਸਤਕਾਂ ਦੀ ਸਿਰਜਣਾ ਕਰਕੇ ਵੱਡਮੁੱਲਾ ਯੋਗਦਾਨ ਪਾਇਆ।

ਡਾ: ਰੰਧਾਵਾ ਨੇ ਪੰਜਾਬ ਦੇ ਲੋਕ ਗੀਤ, ਕਾਂਗੜਾ ਦੇ ਲੋਕ ਗੀਤ, ਹਰਿਆਣਾ ਦੇ ਲੋਕ ਗੀਤ, ਪ੍ਰੀਤ ਕਹਾਣੀਆਂ, ਪੰਜਾਬੀ ਲੋਕ ਗੀਤ ਪੁਸਤਕਾਂ ਲਿਖ ਕੇ ਪੰਜਾਬੀ ਮਾਂ-ਬੋਲੀ ਪ੍ਰਤੀ ਅਥਾਹ ਸਨੇਹ ਅਤੇ ਪਿਆਰ ਦਾ ਪ੍ਰਗਟਾਵਾ ਕੀਤਾ ।ਇਸ ਤੋਂ ਇਲਾਵਾ ਉਨ੍ਹਾਂ ਪੰਜਾਬੀ ਵਿੱਚ ਹੀ ਪੰਜਾਬ, ਪ੍ਰੋ: ਪੂਰਨ ਸਿੰਘ ਜੀਵਨੀ ਅਤੇ ਕਵਿਤਾ, ਪੂਰਨ ਸਿੰਘ ਵਾਰਤਕ, ਕਾਂਗੜਾ ਕਲਾ ਅਤੇ ਲੋਕ ਗੀਤ ਪੁਸਤਕਾਂ ਵੀ ਪਾਠਕਾਂ ਦੀ ਝੋਲੀ ਪਾਈਆਂ ।1983 ਈ: ਵਿੱਚ ਡਾ: ਰੰਧਾਵਾ ਨੇ ਆਪ-ਬੀਤੀ ਸਿਰਲੇਖ ਹੇਠ ਆਪਣੀ ਸਵੈ-ਜੀਵਨੀ ਵੀ ਪ੍ਰਕਾਸ਼ਿਤ ਕਰਵਾਈ ।1972 ਈ: ਵਿੱਚ ਡਾ: ਰੰਧਾਵਾ ਨੂੰ ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ ।ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਇਹ ਲਾਡਲਾ ਸਪੁੱਤਰ 3 ਮਾਰਚ 1986 ਈ: ਨੂੰ ਸਦੀਵੀ ਵਿਛੋੜਾ ਦੇ ਕੇ ਹਮੇਸ਼ਾਂ ਲਈ ਸਾਡੇ ਤੋਂ ਉਹਲੇ ਹੋ ਗਿਆ ।ਉਨ੍ਹਾਂ ਨੂੰ ਅੱਜ ਵੀ ਹਰ ਸੱਚਾ-ਸੁੱਚਾ ਪੰਜਾਬੀ ਸ਼ਿਦਤ ਨਾਲ ਯਾਦ ਕਰਦਾ ਹੈ।

"ਨਾਨਕ ਦੁਨੀਆਂ ਕੈਸੀ ਹੋਈ, ਸਾਲਕ ਮਿੱਤ ਨਾ ਰਹਿਓ ਕੋਈ ॥

# ਭਾਈ ਬੰਦੀ ਹੇਤ ਚੁਕਾਇਆ, ਦੁਨੀਆਂ ਕਾਰਣ ਦੀਨ ਗੁਆਇਆ ॥



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੀ ਸਥਾਪਨਾ ਸਮੇਂ , ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਹੈੱਡ ਗ੍ਰੰਥੀ ਸਾਹਿਬ ਬਾਬਾ ਬੁੱਢਾ ਜੀ ਨੂੰ ਥਾਪਿਆ ਸੀ ।ਉਹਨਾਂ ਨੇ ਇਸ ਸੇਵਾ ਨੂੰ ਬਹੁਤ ਸਤਿਕਾਰ ਤੇ ਪੂਰਨ ਸ਼ਰਧਾ ਨਾਲ ਨਿਭਾਇਆ ।ਉਹਨਾਂ ਦੀ ਇਹ ਮਹਾਨ ਸੇਵਾ ਦੀ ਹੀ ਦੇਣ ਹੈ ਕਿ , ਪੂਰੇ ਸਿੱਖ ਸੰਸਾਰ ਵਿਚ " ਗ੍ਰੰਥੀ" ਸਾਹਿਬਾਨ ਦੀ ਇਸ ਪਦਵੀ ਦਾ ਬਹੁਤ ਉੱਚਾ ਮਾਣ ਸਤਿਕਾਰ ਹੈ ।ਸਿੱਖ ਕੌਮ ਵਿਚ ਸਮੇਂ ਸਮੇਂ ਇਹ ਪਦਵੀ ,ਕੌਮੀ ਅਗਵਾਈ ਤੇ ਕੁਰਬਾਨੀਆਂ ਦਾ ਵੀ ਹਿੱਸਾ ਰਹੀ ਹੈ ।ਇਹ ਸੇਵਾ ਪਦਾਰਥਵਾਦੀ ਯੁੱਗ ਵਿਚ ਵਿਚਰਦਿਆਂ ਹੋਇਆਂ ਵੀ ਪੁਰਾਤਨ ਇਤਿਹਾਸ ਵਿਚ ਨਿਰਲੇਪ ਰਹੀ ਹੈ ।ਪਰੰਤੂ ਪਿਛਲੇ ਕੁਝ ਅੱਧੀ ਸਦੀ ਤੋਂ ਉੱਪਰ ਦੇ ਸਮੇਂ ਵਿੱਚ ਜਥੇਦਾਰਾਂ , ਹੈੱਡ ਗਰੰਥੀਆਂ ਨੇ ਇਸ ਉੱਚ ਪਦਵੀ ਨੂੰ ਆਪਣੇ ਕਿੱਤੇ ਦੀ ਖੇਡ ਬਣਾ ਰੱਖਿਆ ਹੈ ।ਹਾਲ ਹੀ ਵਿੱਚ ਜੋ ਹਾਲਾਤ ਦੋ ਜਥੇਦਾਰਾਂ ਗਿਆਨੀ ਹਰਪ੍ਰੀਤ ਸਿੰਘ ਤੇ ਗਿਆਨੀ ਰਘਬੀਰ ਸਿੰਘ ਪੈਦਾ ਕੀਤੇ ਹਨ ।ਬੇਹੱਦ ਨਮੋਸ਼ੀ ਹੋ ਰਹੀ ਹੈ ।ਇਹ ਗੱਲ ਜਦ ਸਾਹਮਣੇ ਸਪੱਸ਼ਟ ਹੈ ਕਿ , ਸਿੱਖ ਪੰਥ ਦੇ ਬਿਖਰਾਪਨ ਸਿਖਰ ਤੇ ਹੋਣ ਕਰਕੇ , ਕੋਈ ਵੀ ਸਾਂਝ ਬਣਨੀ ਅਸੰਭਵ ਬਣੀ ਹੋਈ ਹੈ ।ਇਹ ਹੀ ਕਾਰਨ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ,ਕਿਸੇ ਹੱਦ ਤੱਕ ਸੈਂਟਰਲ ਸੰਸਥਾ ਦਾ ਰੂਪ ਨਿਭਾਂਉਦੀ ਚਲੀ ਆ ਰਹੀ ਹੈ ।ਇਸੇ ਹੱਦ ਤੱਕ ਨੁਮਾਇੰਦਾ ਜਮਾਤ ਵੀ ਹੈ ।ਗੁਰਦੁਆਰਾ ਐਕਟ ਜੋ ਸਦੀ ਪਹਿਲਾਂ ਸਿੱਖਾਂ ਨੇ ਹੀ ਖੁਦ ਬਨਵਾਇਆ ਤੇ ਉਸੇ ਦਾ ਆਧਾਰ ਹੀ ਜਥੇਦਾਰਾਂ ਤੇ ਹੈੱਡ ਗ੍ਰੰਥੀਆਂ ਦੀਆਂ ਨਿਯੁਕਤੀਆਂ ਹੁੰਦੀਆਂ ਚੱਲੀਆਂ ਆ ਰਹੀਆਂ ਹਨ ।ਕਿਸੇ ਹੋਰ ਬਦਲ ਦੀ ਅਣਹੋਂਦ ਕਾਰਨ , ਇਹੀ ਪਰਵਾਨਤ ਤੇ ਮੌਜੂਦਾ ਢਾਂਚਾ ਰਿਹਾ ਹੈ ।ਕਿਉਂਕਿ ਸ਼੍ਰੋਮਣੀ ਕਮੇਟੀ ਦਾ ਢਾਂਚਾ ਸਿੱਖ ਵੋਟਾਂ ਦੇ ਆਧਾਰ ਬਣਿਆਂ ਢਾਂਚਾ ਹੈ , ਜਿਸ ਕਾਰਨ , ਧੜੇਬੰਦੀ ਦਾ ਹੋਣਾ ਕੁਦਰਤੀ ਜਿਹਾ ਹੈ ।ਇਸਦੇ ਅੰਦਰੋਂ ਬਾਹਰੋਂ ਪੈਦਾ ਹੋਈ ਕੁੜੱਤਣ , ਸੁਧਰਨ ਦੀ ਬਜਾਏ, ਸਮੁੱਚੇ ਸਿੱਖ ਸੰਸਾਰ ਵਿੱਚ ਸਦਾ ਦੁਬਿਧਾ ਦਾ ਕਾਰਨ ਬਣੀ ਰਹਿੰਦੀ ਹੈ ।ਪਿਛਲੇ ਕੁਝ ਦਹਾਕਿਆਂ ਤੋਂ ਬਾਦਲ ਪੱਖੀ ਬਹੁਮਤ ਨਾਲ ਕਾਬਜ਼ ਹਨ ।ਉਹ ਅਪਣਾਏ ਢਾਂਚੇ ਆਧਾਰ ਉਪਰੋਕਤ ਜਥੇਦਾਰਾਂ ਤੇ ਹੈੱਡ ਗਰੰਥੀਆਂ ਦੀਆਂ ਨਿਯੁਕਤੀਆਂ ਕਰਦੇ ਹਨ । ਭਾਂਵੇਂ ਧੜੇਬੰਦੀ ਕਿਸੇ ਨਰਮ ਰੂਪ ਹੀ ਵਿਚ ਹੋਵੇ , ਜਥੇਦਾਰ ਤੇ ਹੈੱਡ ਗ੍ਰੰਥੀ ਆਪਣੀ ਉੱਚ ਪਦਵੀ ਨੂੰ , ਨਿਯੁਕਤ ਕਰਨ ਵਾਲੇ ਮਾਲਕਾਂ ਦੇ ਕਦਮਾਂ ਵਿਚ ਰੱਖ ਕੇ ਕਰਮ ਸ਼ੁਰੂ ਕਰਦੇ ਚਲੇ ਆ ਰਹੇ ਹਨ ।ਜੋ ਕਿ ਸਿੱਖ ਸੰਸਾਰ ਵਿੱਚ ਅਧੋਗਤੀ ਦਾ ਕਾਂਢ ਸ਼ੁਰੂ ਕਰਦੇ ਹਨ ।ਹੁਣ 2 ਦਸੰਬਰ 2024 ਵਾਲਾ ਜਥੇਦਾਰ ਰਘਬੀਰ ਸਿੰਘ ਤੇ ਜਥੇਦਾਰ ਹਰਪ੍ਰੀਤ ਤੇ ਸਾਥੀ ਸਿੰਘ ਸਹਿਬਾਨ ਵੱਲੋਂ ਪੜਿਆ ਗਿਆ ਹੁਕਮਨਾਮਾ ਕੀ ਮਾਹਨੇ ਰੱਖਦਾ ਹੈ , ਅਹਿਮ ਸਵਾਲ ਹੈ ? ਜਥੇਦਾਰ ਰਘਬੀਰ ਸਿੰਘ ਵੱਲੋਂ ਅਕਾਲੀ ਸਰਕਾਰਾਂ ਦੇ ਕਾਰਜ ਕਾਰੀ ਸਮਿਆਂ ਦੌਰਾਨ ਅਕਾਲੀ ਦਲ ਦੀ ਹਾਲਤ ਨੂੰ ਸੰਗਤਾਂ ਵਿਚ ਢਾਹ ਲੱਗੀ ਤੇ ਕਮਜ਼ੋਰ ਹਾਲਾਤ ਦਾ ਜ਼ਿਕਰ ਕੀਤਾ ਗਿਆ ਸੀ ।ਪਰ ਇਹਨਾਂ ਸਮਿਆਂ ਵਿਚ ਸਿੱਖਾਂ ਦੇ ਝੂਠੇ ਮੁਕਾਬਲੇ, ਤਸ਼ੱਦਦ, ਸਿੱਖ ਨੌਜਵਾਨਾਂ ਦਾ ਕਤਲ , ਘਾਣ ,ਉੱਜੜੇ ਪਰਵਾਰ , ਜਿੰਨਾਂ ਦੀਆਂ ਗੋਦਾਂ ਖਾਲੀਆਂਹੋਈਆਂ , ਕਿਸੇ ਨਾਲ ਕੋਈ ਦੁੱਖ ਦੀ ਸਾਂਝ ਨਹੀ , ਕੋਈ ਹਮਦਰਦੀ ਨਹੀਂ, , ਕੋਈ ਅਦਾਲਤੀ ਇਨਸਾਫ਼ ਦਾ ਜ਼ਿਕਰ ਨਹੀ ! ਹਨੇਰ ਸਾਈਂ ਦਾ ਜਥੇਦਾਰਾਂ ਦਾ ਇਹ ਹੁਕਮਨਾਮਾ, ਸਿੱਖਾਂ ਦੇ ਉਜਾੜੇ ਤੇ ਡੁੱਲੇ ਖੂਨ ਨੂੰ ਕਿਸੇ ਵੱਡੇ"ਘੁੱਟ" ਰਾਹੀਂ ਕਿਵੇਂ ਪੀ ਗਿਆ ? ਇਕੋ ਲਾਇਨ ਵਿਚ ਸਰਕਾਰੀ ਤਸ਼ੱਦਦ, ਜ਼ੁਲਮ ਨੂੰ ਮੁਆਫ਼ ਕਰ ਦਿੱਤਾ ਗਿਆ ।"ਚੇਤੇ ਰਹੇ ਕਲਕੱਤੇ "ਬਜਬਜ ਘਾਟ ਦੇ (ਅੰਗਰੇਜ਼ ਰਾਜ ਦੌਰਾਨ) ਸਾਕੇ ਵਿਚ ਜੋ ਗਦਰੀ ਬਾਬੇ ਸਿੱਖ ਤੇ ਹੋਰ ਪੰਜਾਬੀ, ਅੰਗਰੇਜ਼ ਦੀ ਗੋਲਾਬਾਰੀ ਨਾਲ ਸ਼ਿਹਦ ਕੀਤੱ ਗਏ ਸਨ ।ਉਹਨਾਂ ਸ਼ਹੀਦਾਂ ਬਾਰੇ ਉਸ ਸਮੇਂ ਦੇ ਗਦਾਰ ਜਥੇਦਾਰ ਅਰੂੜ ਸਿੰਘ ਸਿੰਘ ਨੇ ਜੋ ਸਿੱਖਾਂ ਵਿਰੁੱਧ ਹੁਕਮਨਾਮਾ ਜਾਰੀ ਕੀਤਾ ਸੀ - ਉਸ ਦੇ ਅੱਖਰ ਵੀ ਐਸੇ ਹੀ ਸਨ - ਕਿ ਜੋ ਲੋਕ ਕਲਕੱਤੇ , ਬਜਬਜ ਘਾਟ ਵਿਖੇ , ਸਰਕਾਰ ਦੀਆਂ ਗੋਲੀਆਂ ਨਾਲ ਮਾਰੇ ਗਏ ਹਨ - " ਉਹ ਸਿੱਖ ਨਹੀਂ ਸਨ ਅਤੇ ਪੰਜਾਬੀ ਵੀ ਨਹੀਂ ਸਨ " ।ਇਹ ਜਥੇਦਾਰ ਜਿਵੇਂ ਮਾਲਕਾਂ ਦੇ ਪੁਜਾਰੀ ਬਣ ਕੇ ਸਿੱਖੀ ਨਾਲ ਧੋਖਾ ਕਰਦੇ ਹਨ , ਇਤਿਹਾਸ ਕਦਮ ਕਦਮ ਤੇ ਗਵਾਹੀ ਭਰਦਾ ਹੈ ।ਇਸੇ ਤਰਾਂ ਜਦ ਹਰਪ੍ਰੀਤ ਸਿੰਘ ਜਥੇਦਾਰ ਹੁੰਦਿਆਂ ਬਾਦਲਾਂ ਦਾ ਪਾਣੀ ਭਰਦਾ ਸੀ , ਤਦ ਇਹ ਦੂਜੀਆਂਪੰਥਕ ਧਿਰਾਂ ਪੈਰ ਪੈਰ ਤੇ ਚੈਲੰਜ ਤੇ ਘਟੀਆ ਸ਼ਬਦਾਵਲੀ ਨਾਲ ਤੁਲਨਾ ਕਰਦਾ ਰਿਹਾ ਹੈ ।ਜਦ ਤੋਂ ਜਥੇਦਾਰੀ ਖੁੱਸੀ , ਤੁਰੰਤ ਦਲ ਬਦਲੀ ਕੀਤੀ ਤੇ ਸਾਰਾ ਦਾਲ ਫੁਲਕਾ ਦੂਜੇ ਪੰਥਕ , ਉਸ ਪੱਖੋਂ ਛਕਣਾ ਸ਼ੁਰੂ ਕਰ ਦਿੱਤਾ , ਜਿਸ ਪੱਖ ਨੂੰ ਕਰਤਾਰ ਸਿੰਘ ਝੱਬਰ ਦੀਆਂ ਡਾਂਗਾਂ ਦਾ ਜ਼ਿਕਰ ਕਰਕੇ ਦਮਗਜੇ ਮਾਰਦਾ ਹੁੰਦਾ ਸੀ ।ਇੱਥੋਂ ਤੱਕ ਕਿ ਬਦੇਸ਼ੀ ਦੌਰਿਆਂ ਦੀਆਂ ਟਿਕਟਾਂ ਦੀ ਭੀਖ ਤੇ ਸਿਰੋਪੇ ਵੀ ਉੱਥੋਂ ਹੀ ਕਬੂਲ ਕੀਤੇ ।ਸਿੱਖਾਂ ਵਿੱਚ ਖਾਨਾ ਜੰਗੀ ਛੇੜਨ ਲਈ ਇਸ ਨੇ ਸੁਖਬੀਰ ਬਾਦਲ ਨੂੰ ਨਾਮ ਲੈ ਕੇ ਚੈਲੰਜ ਕਰਕੇ ਕਿਹਾ ਕਿ " ਕਲਗੀਧਰ ਦਾ ਥਾਪੜਾ ਲੈਕੇ ਜੇ ਕੋਈ ਅਨੰਦਪੁਰੋਂ ਬਚਿਤਰ ਸਿੰਘ ਆ ਗਿਆ ਤਦ ਤੇਰੇ ਸੱਤੇ ਤਵੇ ਚੀਰ ਕੇ ਰੱਖ ਦੇਊ, ਅਤੇ ਹੋਰ ਕਿਹਾ ਕਿ ਤੇਰੇ ਚੇਲੇ- ਲੇਲੇ ਪਹਿਲਾਂ ਰਗੜੇ ਜਾਣਗੇ" ।ਕੀ ਇਹ ਜਥੇਦਾਰ ਕਿਸੇ ਵੀ ਈਮਾਨ ਵਾਲੇ ਹਨ ? ਇਹਨਾਂ ਬਾਰੇ ਇਹੀ ਸੱਚ ਨਹੀ ਕਿ " ਨਾਨਕ ਦੁਨੀਆਂ ਕੈਸੀ ਹੋਈ , ਸਾਲਕ ਮਿੱਤ ਨਾ ਰਹਿਓ ਕੋਈ ॥ ਭਾਈ ਬੰਦੀ ਹੇਤ ਚੁਕਾਇਆ , ਦੁਨੀਆਂ ਕਾਰਣ ਦੀਨ ਗਵਾਇਆ ॥ " ਇਸੇ ਤਰਾਂ ਜਥੇਦਾਰੀ ਤੋਂ ਖਾਰਜ ਹੁੰਦਿਆਂ ਹੀ ਰਘਬੀਰ ਸਿੰਘ ਨੇ ਅਜਿਹਾ ਹੀ ਢਕੌਂਸਲਾ ਸ਼ੁਰੂ ਕਰ ਦਿੱਤਾ ਹੈ " ਸਰਬੱਤ ਖ਼ਾਲਸਾ ਸੱਦਣ ਦੀ ਜ਼ਰੂਰਤ ਹੈ " ਇਹ ਭੀ ਬਾਦਲਾਂ ਦੇ ਕੈਂਪ ਤੋਂ ਬਾਹਰ ਆਉਂਦਿਆਂ ਹੀ ਪਾਪੀ ਪੇਟ, ਪੈਸਾ ਤੇ ਹਵਾਈ ਟਿਕਟਾਂ ਦੇ ਲਾਲਚ ਆਧਾਰ ਦੂਸਰੇ ਕੈਂਪ ਵਿੱਚ ਦਾਖਲੇ ਲਈ , ਇਕ ਅਕ੍ਰਿਤਘਣ ਕੋਸ਼ਿਸ਼ ਹੀ ਹੈ ? ਕੋਈ ਸਹਿਮਤ ਹੋਵੇ ਵੱਖਰੀ ਗੱਲ ਹੈ , ਪਰ ਪ੍ਰਤੱਖ ਹਾਲਾਤ ਹਨ ਕਿ ਇਹਨਾਂ ਜਥੇਦਾਰਾਂ ਦਾ ਜੀਵਨ ਸਿੱਖੀ ਸੇਵਾ ਦੇ ਜੀਵਨ ਨਾਲ ਨਹੀ , ਸਿਰਫ ਖੁਸ਼ਾਮਦੀ ਨਾਲ ਸਬੰਧਤ ਹੈ ।ਹੈੱਡ ਗ੍ਰੰਥੀ ਦੀ ਉੱਚ ਪਦਵੀ ਤੇ ਰਹਿ ਕੇ ਵੀ ਇਹਨਾਂ ਨੇ ਕੋਈ ਮਾਣ ਨਹੀਂ ਸਿੱਖਿਆ , ਸੰਗਤ ਅੱਗੇ ਕੋਈ ਸਹੀ ਪੇਸ਼ੀਨਗੋਈ ਵੀ ਪੇਸ਼ ਨਹੀ ਕਰ ਸਕੇ ।ਬਾਬਾ ਬੁੱਢਾ ਜੀ ਦੇ ਸੇਵਾ ਪੁੰਜ ਇਤਿਹਾਸ ਨਾਲ ਵੀ ਅਕ੍ਰਿਤਘਣਤਾ ਹੀ ਦਿਖਾਈ ਹੈ ।ਇਸ ਹੈੱਡ ਗ੍ਰੰਥੀ ਜਿਹੀ ਪਵਿੱਤਰ ਉਪਾਧੀ ਦੀ ਸੇਵਾ ਨਿਭਾਉਂਦਾ ਇਹ ਸਿੱਖ ਜਥੇਦਾਰ , ਅੱਜ ਅਜਿਹੇ ਉਪਰੋਕਤ ਹਾਲਾਤ ਵਿਚ , ਝੂਠ ਦੀ ਬੋਲੀ ਪੱਲੇ ਬੰਨ ਕੇ , ਸਿੱਖਾਂ ਨੂੰ ਹੀ ਗੁਮਰਾਹ ਕਰਨ ਲਈ "ਸਰਬੱਤ ਖ਼ਾਲਸੇ" ਦੇ ਨਾਮ ਦਾ ਵੀ ਝੂਠਾ ਸਹਾਰਾ ਲਵੇ ? ਕਿਸ ਕਿਸਮ ਦਾ ਨੀਵਾਂ ਪਨ ਹੈ ? ਜੋ ਸਾਧਾਰਨ ਸੁਭਾ ਵਾਲੇ ਸਿੱਖ ਮਹਿਸੂਸ ਨਹੀਂ ਕਰਰਹੇ ।ਕਹਿਣਾ ਪਵੇਗਾ ਕਿ "ਮਾਇਆ ਪੂਜ" ਬਨਾਰਸ ਦੇ ਠੱਗ ਸਮੁੱਚੀ ਕੌਮ ਨੂੰ ਗੁਮਰਾਹ ਕਰ ਰਹੇ ਹਨ ।ਵਰਨਾ ਬੰਦਾ ਸੇਵਾ ਮੁਕਤ ਹੋ ਕੇ ਕੋਈ ਚਜਦੇ ਕੰਮ ਵਿੱਚ ਜੀਵਨ ਬਤੀਤ ਕਰੇ ।ਜਿਸ ਜਥੇਦਾਰ ਨੂੰ ਜਥੇਦਾਰੀ ਦੀ ਪਦਵੀ ਤੇ ਬੈਠਿਆਂ " ਸਰਬੱਤ ਖ਼ਾਲਸੇ " ਦੇ ਨਾਮ ਦਾ ਚਿਤ ਚੇਤਾ ਨਹੀਂ , ਤੇ ਹੁਣ ਕਿਉਂ ? ਬਾਦਲਾਂ ਤੋਂ ਇਲਾਵਾ ਦੂਜੀਆਂ ਧਿਰਾਂ ਦੀ ਪਹੁੰਚ ਵੀ ਇਸ ਪੱਖੋਂ ਕੋਈ ਦਰੁਸਤ ਨਹੀਂ , ਜੋ ਕੱਲ ਤੱਕ ਇਹਨਾਂ ਹੀ ਅਰੂੜ ਸਿੰਘ ਰੂਪੀ ਜਥੇਦਾਰਾਂ ਦੀ ਜੋੜੀ ਤੋਂ ਬਹੁਤ ਭੱਦੀ ਭਾਸ਼ਾ ਸੁਣਦੇ ਰਹੇ ਹਨ ।ਹੁਣ ਇਹਨਾਂ ਨੂੰ ਕਿਹੜੇ ਇਨਕਲਾਬੀ ਸਮਝ ਕੇ ਕੁੱਛੜ ਚੁੱਕਣ ਲਈ ਕਾਹਲ਼ੇ ਹਨ ?। ਕੀ ਇਹਨਾਂ ਨੇ "2 ਦਸੰਬਰ 2024 " ਦੇ ਹੁਕਮਨਾਮੇ ਵਿੱਚ , ਸਿੱਖਾਂ ਦੇ ਕਤਲ ਹੋਏ ਬੱਚਿਆਂ , ਨੌਜਵਾਨਾਂ ਨਾਲ ਕੋਈ ਇਨਸਾਫ਼ ਕੀਤਾ ਹੈ ? ਇਹਨਾਂ ਨੇ ਤਾਂ ਕਾਤਲ ਸਰਕਾਰਾਂ ਨੂੰ ਮੁਆਫ਼ੀ ਨਾਮੇ ਦੇ ਕੇ , ਕਹਿਰ ਅਤੇ ਗੁਨਾਹ ਕੀਤਾ ਹੈ ।ਕੋਈ ਭੀ ਗੈਰਤਮੰਦ ਸਿੱਖ ਅਤੇ ਸਿੱਖ ਸੰਸਥਾ ਇਹਨਾਂ ਨੂੰ ਮੂੰਹ ਨਹੀਂ ਲਾਉਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਓ.ਐਸ.ਡੀ. ਸੁਖਵੀਰ ਸਿੰਘ ਨੇ ਧੂਰੀ ਵਾਸੀਆਂ ਦੀਆਂ ਮੁਸ਼ਿਕਲਾਂ ਸੁਣੀਆਂ





**ਧੂਰੀ ( ਰਣਜੀਤ ਸਿੰਘ ਪੇਧਨੀ)** -ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਅੱਜ ਮੁੱਖ ਮੰਤਰੀ ਸਹਾਇਤਾ ਕੇਂਦਰ ਵਿਖੇ ਧੂਰੀ ਵਾਸੀਆਂ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਰੇਕ ਮਾਮਲੇ ਦਾ ਸਮਾਂਬੱਧ ਅਤੇ ਪਾਰਦਰਸ਼ੀ ਢੰਗ ਨਾਲ ਨਿਪਟਾਰਾ ਯਕੀਨੀ ਬਣਾਉਣ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕਰਨ ਲਈ ਵਚਨਬੱਧ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਬਿਨਾਂ ਵਜ੍ਹਾ ਦਫ਼ਤਰਾਂ ਦੇ ਚੱਕਰ ਨਹੀਂ ਕੱਟਣੇ ਪੈਣਗੇ। ਉਨ੍ਹਾਂ ਦੱਸਿਆ ਕਿ ਪ੍ਰਾਪਤ ਹੋਈਆਂ ਅਰਜ਼ੀਆਂ 'ਤੇ ਤੁਰੰਤ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਸੰਬੰਧਿਤ ਅਧਿਕਾਰੀਆਂ ਨੂੰ ਨਿਰਧਾਰਿਤ ਸਮੇਂ ਅੰਦਰ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ। ਸ੍ਰੀ ਸੁਖਵੀਰ ਸਿੰਘ ਨੇ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਤੱਕ ਸਰਕਾਰੀ ਸੇਵਾਵਾਂ ਦੀ ਪਹੁੰਚ ਨੂੰ ਹੋਰ ਮਜ਼ਬੂਤ ਕਰਨਾ ਅਤੇ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਬਣਾਉਣਾ ਹੈ, ਤਾਂ ਜੋ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਹੋ ਸਕੇ। ਇਸ ਮੌਕੇ ਮੁੱਖ ਮੰਤਰੀ ਦੇ ਸੰਯੁਕਤ ਪ੍ਰਮੁੱਖ ਸਕੱਤਰ ਸ੍ਰੀ ਸੰਦੀਪ ਸਿੰਘ ਗਾੜ੍ਹਾ, ਮੁੱਖ ਮੰਤਰੀ ਫੀਲਡ ਅਫ਼ਸਰ ਸ੍ਰੀ ਅਰਵਿੰਦ ਕੁਮਾਰ, ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਅਤੇ ਸ੍ਰੀ ਰਮਨਦੀਪ ਸਿੰਘ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਮਤਿ ਪ੍ਰਚਾਰ ਪ੍ਰਸਾਰ ਕਮੇਟੀ (ਰਜਿ) ਦੀ ਹੋਈ ਮੀਟਿੰਗ



**ਚੌਕ ਮਹਿਤਾ, 2 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਮਤਿ ਪ੍ਰਚਾਰ ਪ੍ਰਸਾਰ ਕਮੇਟੀ (ਰਜਿ), ਚੰਡੀਗੜ੍ਹ ਦੀ ਇਕੱਤਰਤਾ ਮੀਟਿੰਗ ਗੁਰਦੁਆਰਾ ਸੈਕਟਰ 34, ਚੰਡੀਗੜ੍ਹ ਵਿਖੇ ਸਵੇਰੇ 10:30 ਵਜੇ ਆਯੋਜਿਤ ਕੀਤੀ ਗਈ ਇਸ ਮੌਕੇ ਸ੍ਰੀ ਡੀ.ਪੀ. ਸਿੰਘ, ਸਾਬਕਾ ਸੀ.ਈ.ਓ. ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ; ਸਾਬਕਾ ਡੀ.ਜੀ.ਐਮ. ਪੰਜਾਬ ਐਂਡ ਸਿੰਧ ਬੈਂਕ; ਸਾਬਕਾ ਸੀ.ਈ.ਓ. ਹਰਿਆਣਾ ਸਿੱਖ ਮੈਨੇਜਮੈਂਟ ਕਮੇਟੀ ਅਤੇ ਸਾਬਕਾ ਪ੍ਰਧਾਨ ਤੇ ਸੰਸਥਾਪਕ ਮੈਂਬਰ, ਗੁਰਮਤਿ ਪ੍ਰਚਾਰ ਪ੍ਰਸਾਰ ਕਮੇਟੀ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਮੀਟਿੰਗ ਦੀ ਸ਼ੁਰੂਆਤ ਸੋਸਾਇਟੀ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਉਪਰੰਤ ਕੀਤੀ ਗਈ ਮੀਟਿੰਗ ਵਿੱਚ ਸਾਲ ਦੇ 10 ਮਹੀਨਿਆਂ ਅਤੇ 2 ਮਹੀਨਿਆਂ ਦੌਰਾਨ ਹੋਣ ਵਾਲੀ ਆਮਦਨ ਅਤੇ ਖਰਚਿਆਂ ਦਾ ਬਿਓਰਾ, ਵਿੱਤੀ ਸਾਲ 2026-27 ਦਾ ਬਜਟ ਅਤੇ ਸੋਸਾਇਟੀ ਦੇ ਨਵੇਂ ਪ੍ਰਧਾਨ ਦੀ ਚੋਣ ਸਬੰਧੀ ਮਾਮਲਾ ਸੰਗਤਾਂ ਸਾਹਮਣੇ ਪੇਸ਼ ਕੀਤਾ ਗਿਆ ਸੰਗਤਾਂ ਦੀ ਸਹਿਮਤੀ ਨਾਲ ਸ੍ਰੀ ਹਰਸ਼ਬੀਰ ਸਿੰਘ ਜੀ, ਸਾਬਕਾ ਜਨਰਲ ਮੈਨੇਜਰ ਨੂੰ ਪ੍ਰਧਾਨਗੀ ਦੀ ਸੇਵਾ ਸੌਂਪੀ ਗਈ ਅੰਤ ਵਿੱਚ ਸੈਕਟਰ 34 ਗੁਰਦੁਆਰਾ ਮੈਨੇਜਮੈਂਟ ਦਾ ਧੰਨਵਾਦ ਕੀਤਾ ਗਿਆ ਅਤੇ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਆਪਣਾ ਦਸਵੰਧ ਸੋਸਾਇਟੀ ਵਿੱਚ ਜਮ੍ਹਾਂ ਕਰਵਾਇਆ ਜਾਵੇ। ਇਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਵਾਤਾਵਰਨ ਨੂੰ ਹਰਿਆ ਭਰਿਆ ਰੱਖਣ ਦੇ ਲਈ ਇੱਕ ਦਿਨ ਵਿੱਚ 5000 ਬੂਟੇ ਲਗਾ ਕੇ ਅਕਾਲ ਸੇਵਾ ਫਾਊਂਡੇਸ਼ਨ ਦੇ ਪ੍ਰਧਾਨ ਹਰਪਾਲ ਸਿੰਘ ਰੰਧਾਵਾ ਤੇ ਸਿੱਖ ਨੌਜਵਾਨ ਤੇ ਵਾਤਾਵਰਨ ਪ੍ਰੇਮੀ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਨੌਜਵਾਨ ਪੀੜੀ ਲਈ ਕੀਤੀ

**ਅੰਮ੍ਰਿਤਸਰ 2 ਮਾਰਚ (ਆਵਾਜ਼ਿ ਕੌਮ ਬਿਊਰੋ)**- ਅਕਾਲ ਸੇਵਾ ਫਾਊਂਡੇਸ਼ਨ ਦੇ ਪ੍ਰਧਾਨ ਹਰਪਾਲ ਸਿੰਘ ਰੰਧਾਵਾ ਤੇ ਵਾਤਾਵਰਨ ਪ੍ਰੇਮੀ ਸਮਾਜ ਸੇਵੀ ਸਰਬਜੀਤ ਸਿੰਘ ਸੋਨੂ ਜੰਡਿਆਲਾ ਵੱਲੋਂ ਵਾਤਾਵਰਨ ਨੂੰ ਹਰਿਆ ਭਰਿਆ ਰੱਖਣ ਦੇ ਲਈ ਇੱਕ ਦਿਨ ਵਿੱਚ 5000 ਬੂਟਾ ਲਗਾ ਕੇ ਪੰਜਾਬ ਦੇ ਇਸ ਨੌਜਵਾਨ ਨੇ ਕੀਤੀ ਹੈ ਨੌਜਵਾਨ ਪੀੜੀ ਦੇ ਲਈ ਮਿਸਾਲ ਕਾਇਮ ਤੇ ਬਣਾਇਆ ਹੈ ਨਵਾਂ ਰਿਕਾਰਡ ਵਾਤਾਵਰਨ ਪ੍ਰੇਮੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਨੌਜਵਾਨ ਪੀੜੀ ਨੂੰ ਵਾਤਾਵਰਨ ਨਾਲ ਜੋੜਨ ਦਾ ਕੀਤਾ ਹੈ ਉਪਰਾਲਾ ਪਿਛਲੇ ਲੰਮੇ ਸਮੇਂ ਤੋਂ ਸਰਬਜੀਤ ਸਿੰਘ ਵਾਤਾਵਰਨ ਨੂੰ ਹਰਿਆ ਭਰਿਆ ਰੱਖਣ ਦੇ ਲਈ ਬੂਟੇ ਲਗਾਉਂਦੇ ਨੇ ਤੇ ਪਾਣੀ ਨੂੰ ਬਚਾਉਣ ਦੇ ਲਈ ਤੇ ਵਾਤਾਵਰਨ ਨੂੰ ਬਚਾਉਣ ਦੇ ਲਈ ਪਿਛਲੇ ਲੰਬੇ ਸਮੇਂ ਤੋਂ ਕਰ ਰਹੇ ਨੇ ਕੰਮ ਅੱਜ ਦੀ ਨੌਜਵਾਨ ਪੀੜੀ ਦਾ ਧਿਆਨ ਖਿੱਚਣ ਦੇ ਲਈ ਸਰਬਜੀਤ ਸਿੰਘ ਨੇ ਇੱਕ ਦਿਨ ਵਿੱਚ ਹੀ 5000 ਬੂਟਾ ਲਗਾ ਕੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ ਤੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹੀ ਵਾਤਾਵਰਨ ਨੂੰ ਹਰਿਆ ਭਰਿਆ ਰੱਖਣ ਦੇ ਲਈ ਅਜਿਹੇ ਉਪਰਾਲੇ ਕਰਨ ਗੱਲਬਾਤ ਕਰਦੇ ਹੋਏ ਸੋਨੂ ਜੰਡਿਆਲਾ ਨੇ ਦੱਸਿਆ ਕਿ ਬੂਟੇ ਲਗਾਉਣਾ ਮੈਨੂੰ ਵਧੀਆ ਲੱਗਦਾ ਹੈ ਤੇ ਮੈਨੂੰ ਕੁਦਰਤ ਨਾਲ ਬਹੁਤ ਪਿਆਰ ਹੈ ਕੁਦਰਤ ਨੇ ਸਾਨੂੰ ਅਨੇਕਾਂ ਸਵਾਸ ਦਿੱਤੇ ਨੇ ਤੇ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਵੀ ਉਸ ਨੂੰ ਹਰਿਆ ਭਰਿਆ ਰੱਖਣ ਦੇ ਲਈ ਵੱਧ ਤੋਂ ਵੱਧ ਰੁੱਖ ਲਗਾਈਏ ਉਹਨਾਂ ਨੇ ਕਿਹਾ ਕਿ ਪਵਨ ਪਾਣੀ ਧਰਤੀ ਨੂੰ ਬਚਾਉਣ ਦੇ ਲਈ ਹਰ ਇਨਸਾਨ ਨੂੰ ਕੰਮ ਕਰਨਾ ਚਾਹੀਦਾ ਹੈ ਤਾਂ ਜੇਕਰ ਅਸੀਂ ਇੱਕ ਜਿੰਮੇਵਾਰ ਨਾਗਰਿਕ ਬਣ ਕੇ ਵਾਤਾਵਰਨ ਨੂੰ ਬਚਾਵਾਂਗੇ ਤੇ ਵੱਧ ਤੋਂ ਵੱਧ ਰੁਖ ਲਗਾਵਾਂਗੇ ਤੇ ਜਿਸ ਦਾ ਆਨੰਦ ਸਾਡੀਆਂ ਆਉਣ ਵਾਲੀਆਂ ਪੀੜੀਆਂ ਵੀ ਮੰਨਣਗੀਆਂ ਉਹਨਾਂ ਨੇ ਕਿਹਾ ਕਿ ਮੈਂ ਸਿਰਫ ਬੂਟੇ ਲਗਾਉਂਦਾ ਹੀ ਨਹੀਂ ਉਹਨਾਂ ਨੂੰ ਪਾਲਣ ਤੱਕ ਦੀ ਸੇਵਾ ਕਰਦਾ ਹਾਂ ਕਿਉਂਕਿ ਸਾਡਾ ਸਭ ਦਾ ਇੱਕ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਦੇਸ਼ ਦੇ ਇੱਕ ਜਿੰਮੇਵਾਰ ਨਾਗਰਿਕ ਬਣ ਕੇ ਵੱਧ ਤੋਂ ਵੱਧ ਰੁੱਖ ਲਗਾਈਏ ਕਿਉਂਕਿ ਸਿਆਣੇ ਕਹਿੰਦੇ ਸੀ ਇੱਕ ਰੁੱਖ ਸੌ ਸੁੱਖ ਤੇ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ ਕੀ ਅਸੀਂ ਕੁਦਰਤ ਨੂੰ ਹਰਿਆ ਭਰਿਆ ਰੱਖਣ ਦੇ ਲਈ ਵੱਧ ਤੋਂ ਵੱਧ ਰੁੱਖ ਲਗਾਈਏ।




ਲੋਕ ਸੇਵਾ ਨੂੰ ਸਮਰਪਿਤ ਹੋਲੇ ਮੁਹੱਲੇ ਮੌਕੇ ਦੁਬਈ ਵਾਲੇ ਵੀਰਾਂ ਵੱਲੋਂ

# ਜੰਡਿਆਲਾ ਗੁਰੂ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ





ਜੰਡਿਆਲਾ ਗੁਰੂ, 2 ਮਾਰਚ ( ਕੁਲਵੰਤ ਸਿੰਘ ਵਿਰਦੀ ) ਸ੍ਰੀ ਅਨੰਦਪੁਰ ਸਾਹਿਬ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਲਾ ਮੁਹੱਲਾ ਬੜ੍ਹੇ ਹੀ ਸਾਨੋ ਸੌਕਤ ਨਾਲ ਸ਼ੁਰੂ ਹੋ ਚੁਕਾ ਹੈ ਅਤੇ ਰਸਤਿਆਂ ਵਿੱਚ ਸੰਗਤ ਦੀ ਸੇਵਾ ਵਾਸਤੇ ਵੱਖ ਵੱਖ ਪਦਾਰਥਾਂ ਦੇ ਲੰਗਰਾਂ ਦੇ ਪ੍ਰਬੰਧ ਕੀਤੇ ਗਏ ਹਨ, ਖਾਣ ਪੀਣ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਵਸਤਾਂ ਦੇ ਨਾਲ ਸੰਗਤਾਂ ਦੀ ਆਓ ਭਗਤ ਕੀਤੀ ਜਾਂਦੀ ਹੈ।, ਪਰ ਇਸ ਵਾਰ ਹੋਲੇ ਮੁਹੱਲੇ ਮੌਕੇ ਦੁਬਈ ਵਾਲੇ ਐਨਆਰਆਈ ਵੀਰਾਂ ਵੱਲੋਂ ਇੱਕ ਵੱਖਰਾ ਹੀ ਉਪਰਾਲਾ ਕੀਤਾ ਗਿਆ ਹੈ।, ਉਨਾਂ ਵੱਲੋਂ ਇਸ ਵਾਰ ਲੰਗਰਾ ਨੂੰ ਛੱਡ ਕੇ ਇੱਕ ਮਹਾਂ ਉਪਰਾਲਾ ਖੂਨਦਾਨ ਦਾ ਕੈਂਪ ਲਗਾ ਕਿ ਕੀਤਾ ਗਿਆ ਹੈ , ਇਸ ਖੂਨ ਦਾਨ ਨੂੰ ਮਹਾਂਦਾਨ ਵੀ ਮੰਨਿਆ ਜਾਂਦਾ ਹੈ।, ਕਿਉਂਕ ਲੋਕਾਂ ਵੱਲੋਂ ਦਿੱਤਾ ਗਿਆ ਬਲੱਡ ਕਈਆਂ ਦੀਆਂ ਕੀਮਤੀ ਜਾਨਾਂ ਬਚਾਵੇਗਾ।, ਇਸ ਮੌਕੇ ਤੇ ਸਤਿੰਦਰ ਸਿੰਘ ਸਮਰਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ, ਦੁਬਈ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਸਮੇਂ-ਸਮੇਂ ਅਨੁਸਾਰ ਲੋਕ ਭਲਾਈ ਦੇ ਕੰਮ ਕੀਤੇ ਜਾਂਦੇ ਹਨ, ਅਤੇ ਇਸ ਤੋਂ ਪਹਿਲਾਂ ਵੀ ਅਸੀਂ ਤਿੰਨ ਕੈਂਪ ਦੁਬਈ ਵਿੱਚ ਇੱਕ ਕੈਂਪ ਦੀਪ ਸਿੱਧੂ ਦੀ ਯਾਦ ਵਿੱਚ, ਚੌਂਕੀਮਾਨ ਜਗਰਾਉਂ ਸ਼ਹਿਰ ਵਿੱਚ, ਅਤੇ ਇਹ ਪੰਜਵਾਂ ਕੈਪ,ਸ੍ਰੀ ਗੁਰੂ ਤੇਗ ਬਹਾਦਰ ਨਗਰ ਦਾਣਾ ਮੰਡੀ ਜੰਡਿਆਲਾ ਗੁਰੂ ਦੀਸ਼ਾ ਬੀਜ਼ ਸਟੋਰ ਦੀਆ ਦੁਕਾਨਾਂ ਅੱਗੇ ਲਗਾਇਆ ਗਿਆ। ਇਸ ਮੌਕੇ ਤੇ ਜਲੰਧਰ ਤੋਂ ਦੁਆਬਾ ਹਸਪਤਾਲ ਦੀ ਟੀਮ ਖੂਨਦਾਨ ਕੈਂਪ ਵਿੱਚ ਡੋਨੇਟ ਕਰਨ ਵਾਸਤੇ ਪਹੁੰਚੀ ਜਿਸ ਵਿੱਚ ਯੁਵਕ ਸੇਵਾਵਾਂ ਕਲੱਬ ਰਜਿਸਟਰਡ ਕਲੱਬ ਸਮਰਾਲਾ ਦੇ ਨੌਜਵਾਨਾਂ ਨੇ ਵੀ ਸ਼ਿਰਕਤ ਕੀਤੀ, ਇਸ ਕੈਂਪ ਵਿੱਚ ਮੁੱਖ ਮਹਿਮਾਨ ਮੰਗਲ ਸਿੰਘ ਕਿਸ਼ਨਪੁਰੀ ਸਤਿੰਦਰ ਸਿੰਘ ਸਮਰਾਲਾ, ਦਿਲਜੀਤ ਸਿੰਘ ਖਾਲਸਾ, ਨਿਸ਼ਾਨ ਸਿੰਘ, ਤੂੰ ਇਲਾਵਾ ਸੁਖਬੀਰ ਸਿੰਘ ਡੇਅਰੀ ਫਾਰਮ, ਲਖਬੀਰ ਸਿੰਘ ਡੇਅਰੀ ਫਾਰਮ, ਸਾਬੀ ਬਹਿਰੀਨ ਵਰਿੰਦਰ ਸਿੰਘ ਬਾਲੀਆ ਮੰਝਪੁਰ ਜਸਬੀਰ ਸਿੰਘ ਗੁੱਗੂ, ਜੰਡਿਆਲਾ ਗੁਰੂ,, ਵਿਕਰਮਜੀਤ ਸਿੰਘ ਸਿੱਧੂ ,ਪ੍ਰਗਟ ਸਿੰਘ, ਸ਼ਮਸ਼ੇਰ ਸਿੰਘ ਸ਼ੇਰਾ ,ਸੰਧੂ ਮੈਗਾਮਾਟ, ਓਕਾਰ ਸਿੰਘ ਫਜੀਰਾ, ਰਮਨ ਸਿੰਘ, ਸੰਦੀਪ, ਬਾਬਾ ਵਰਿੰਦਰ ਸਿੰਘ, ਗੁਰਵਿੰਦਰ ਸਿੰਘ, ਜੱਸੀ ਵੀਰ ਹਾਜਿਰ ਸਨ, ਇਸ ਮੌਕੇ ਤੇ ਜਸਬੀਰ ਸਿੰਘ ਗੁੱਗੂ ਨੇ ਦੱਸਿਆ ਕਿ ਇਸ ਖੂਨਦਾਨ ਕੈਂਪ ਵਿੱਚ 25 ਤੋਂ 30 ਵਿਅਕਤੀਆਂ ਨੇ ਆਪਣਾ ਖੂਨ ਦਾਨ ਕਰਕੇ ਸਰਟੀਫਿਕੇਟ ਪ੍ਰਾਪਤ ਕੀਤੇ ਅਤੇ ਇਸ ਮੌਕੇ ਤੇ ਬਾਈ ਦੀਪ ਸਿੰਘ ਸਿੱਧੂ ਦੇ ਭਰਾਤਾ ਭਾਈ ਸੰਦੀਪ ਸਿੱਧੂ ਨੇ ਵੀ ਆਪਣੇ ਸਾਥੀਆਂ ਸਮੇਤ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਕਿਰਤੀ ਕਿਸਾਨ ਯੂਨੀਅਨ ਵੱਲੋਂ ਬਠਿੰਡਾ ਰੈਲੀ ਅਤੇ ਬਰਨਾਲਾ ਮਹਾਪੰਚਾਇਤ ਲਈ ਪਿੰਡਾਂ ਵਿੱਚ ਲਾਮਬੰਦੀ



**ਧੂਰੀ, ( ਰਣਜੀਤ ਸਿੰਘ ਪੇਧਨੀ)**-ਅੱਜ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਦੀ ਅਗਵਾਈ ਹੇਠ ਪਿੰਡ ਰਾਜੋਮਾਜਰਾ ਅਤੇ ਜਹਾਂਗੀਰ ਵਿਖੇ ਕਿਸਾਨਾਂ ਦੀਆਂ ਲਾਮਬੰਦੀ ਮੀਟਿੰਗਾਂ ਕਰਕੇ ਕਿਸਾਨਾਂ ਨੂੰ ਬਠਿੰਡਾ ਵਿਖੇ 6 ਮਾਰਚ ਨੂੰ ਹੋ ਰਹੀ ਜਬਰ ਵਿਰੋਧੀ ਰੋਸ ਰੈਲੀ ਅਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਭਾਰਤ ਅਮਰੀਕਾ ਕਰ ਮੁਕਤ ਵਪਾਰ ਸਮਝੌਤੇ ਅਤੇ ਹੋਰ ਕਿਸਾਨੀ ਮੰਗਾਂ ਦੇ ਮਾਮਲੇ ਤੇ 10 ਮਾਰਚ ਨੂੰ ਬਰਨਾਲਾ ਦੀ ਦਾਣਾ ਮੰਡੀ ਵਿਖੇ ਹੋ ਰਹੀ ਮਹਾਂਪੰਚਾਇਤ ਵਿੱਚ ਸਮੂਲੀਅਤ ਕਰਨ ਸਬੰਧੀ ਲਾਮਬੰਦ ਕੀਤਾ ਗਿਆ। ਇਸ ਮੌਕੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸ਼੍ਰੀ ਜਹਾਂਗੀਰ ਨੇ ਦੱਸਿਆ ਕਿ ਜੋ ਪਿਛਲੇ ਦਿਨੀ ਬਠਿੰਡਾ ਜਿਲੇ ਵਿੱਚ ਪੁਲਿਸ ਪ੍ਰਸ਼ਾਸਨ ਵੱਲੋਂ ਪਿੰਡ ਜਿਉਂਦ ਤੇ ਹੋਰ ਆਲੇ ਦੁਆਲੇ ਇਲਾਕੇ ਵਿੱਚ ਜਮੀਨੀ ਮਾਮਲੇ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਤੇ ਭਾਰੀ ਪੁਲਿਸ ਤਸ਼ੱਦਦ ਕੀਤਾ ਸੀ ਅਤੇ ਇੱਕ ਕਿਸਾਨ ਦੀਆਂ ਲੱਤਾਂ ਤੋੜ ਦਿੱਤੀਆਂ ਸਨ, ਉਸ ਜਬਰ ਦੇ ਖਿਲਾਫ ਇਨਸਾਫ ਪਸੰਦ ਜਥੇਬੰਦੀਆਂ ਵੱਲੋਂ 6 ਮਾਰਚ ਨੂੰ ਬਠਿੰਡਾ ਡੀਸੀ ਦਫਤਰ ਅੱਗੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿੱਚ ਕਿਸਾਨ ਧੂਰੀ ਇਲਾਕੇ ਵਿੱਚੋਂ ਵੱਡੀ ਪੱਧਰ ਤੇ ਸਮੂਲੀਅਤ ਕਰਨਗੇ ਤੇ ਇਸੇ ਤਰ੍ਹਾਂ 10 ਮਾਰਚ ਨੂੰ ਬਰਨਾਲਾ ਦੀ ਦਾਣਾ ਮੰਡੀ ਵਿਖੇ ਜੋ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰ ਸਰਕਾਰ ਦੁਆਰਾ ਅਮਰੀਕਾ ਨਾਲ ਕੀਤੇ ਜਾ ਰਹੇ ਕਰ ਮੁਕਤ ਵਪਾਰ ਸਮਝੌਤੇਖਿਲਾਫ ਅਤੇ ਬਿਜਲੀ ਸੋਧ ,ਬਿੱਲ ਬੀਜ ਬਿੱਲ ਰੱਦ ਕਰਨ ,ਕਿਸਾਨਾਂ ਦੀ ਕਰਜਾ ਮੁਕਤੀ ਸਮੇਤ ਹੋਰ ਮੰਗਾਂ ਨੂੰ ਲੈ ਕੇ ਦਾਣਾ ਮੰਡੀ ਬਰਨਾਲਾ ਵਿੱਚ ਵਿਸ਼ਾਲ ਮਹਾਪੰਚਾਇਤ ਕੀਤੀ ਜਾ ਰਹੀ ਹੈ,ਜਿਸ ਵਿੱਚ ਇਹਨਾਂ ਮਸਲਿਆਂ ਤੇ ਅਗਲੇ ਸੰਘਰਸ਼ ਦਾ ਬਿਗਲ ਵਜਾਇਆ ਜਾਵੇਗਾ ਤੇ ਦੋਵਾਂ ਪਿੰਡਾਂ ਵਿੱਚ ਕਿਸਾਨਾਂ ਨੇ ਇਨਾਂ ਪ੍ਰੋਗਰਾਮਾਂ ਵਿੱਚ ਵੱਡੀ ਸਮੂਲੀਅਤ ਕਰਨ ਦਾ ਭਰੋਸਾ ਦਿਵਾਇਆ। ਅੱਜ ਇਹਨਾਂ ਮੀਟਿੰਗਾਂ ਨੂੰ ਕਿਸਾਨ ਆਗੂ ਸੁਖਵਿੰਦਰ ਸਿੰਘ ਚੂੰਘਾਂ,ਕਿਰਤੀ ਕਿਸਾਨ ਯੂਨੀਅਨ ਦੇ ਆਗੂ ਹਰਦਮ ਸਿੰਘ ਰਾਜੋਮਾਜਰਾ, ਪਰਗਟ ਸਿੰਘ,ਮੱਖਣ ਸਿੰਘ, ਰਣਧੀਰ ਸਿੰਘ ਨੇ ਵੀ ਸੰਬੋਧਨ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਨਨਕਾਣਾ ਸਾਹਿਬ ਯਾਤਰਾ ਕਮੇਟੀ ਵੱਲੋਂ

# 'ਪੰਜ ਤਖ਼ਤਾਂ ਅਤੇ ਹੋਰ ਗੁਰਧਾਮਾਂ' ਦੀ 16ਵੀਂ ਯਾਤਰਾ ਦਾ ਆਗਾਜ਼

## ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਵੱਲੋਂ ਅਰਦਾਸ ਉਪਰੰਤ ਸੰਗਤਾਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦੇ ਕੇ ਯਾਤਰਾ ਨੂੰ ਰਵਾਨਾ ਕੀਤਾ ਗਿਆ








**ਜਲੰਧਰ, 28 ਫਰਵਰੀ (ਆਵਾਜਿ ਕੌਮ ਬਿਊਰੋ)**- ਨਨਕਾਣਾ ਸਾਹਿਬ ਯਾਤਰਾ ਕਮੇਟੀ, ਯੂਕੇ ਵੱਲੋਂ ਸੋਲ੍ਹਵੀਂ ਸਾਲਾਨਾ ਯਾਤਰਾ ਦੀ ਸ਼ੁਰੂਆਤ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ, ਜਲੰਧਰ ਤੋਂ ਕੀਤੀ ਗਈ।ਪੰਜਾਬ ਦੀ ਸੰਗਤ ਦੇ ਨਾਲ-ਨਾਲ ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਹੋਰਨਾਂ ਦੇਸ਼ਾਂ ਤੋਂ ਯਾਤਰਾ ਵਿਚ ਸ਼ਾਮਲ ਹੋਣ ਲਈ ਪੁੱਜੇ ਸਿੱਖ ਸ਼ਰਧਾਲੂਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਯਾਤਰਾ ਦੀ ਆਰੰਭਤਾ ਲਈ ਅਰਦਾਸ ਕੀਤੀ।ਯਾਤਰਾ ਕਮੇਟੀ ਦੇ ਪ੍ਰਮੁੱਖ ਮੈਂਬਰ ਭਾਈ ਰਘਬੀਰ ਸਿੰਘ ਮਾਲੜੀ ਨੇ ਜਾਣਕਾਰੀ ਦੇਂਦਿਆਂ ਦੱਸਿਆ ਕਿ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਵੱਲੋਂ ਅਰਦਾਸ ਉਪਰੰਤ ਸੰਗਤਾਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦੇ ਕੇ ਯਾਤਰਾ ਨੂੰ ਰਵਾਨਾ ਕੀਤਾ ਗਿਆ। ਉਨ੍ਹਾਂ ਸੰਗਤਾਂ ਨੂੰ ਨਾਮ ਜਪਦਿਆਂ, ਸਮੇਂ ਅਤੇ ਅਨੁਸ਼ਾਸ਼ਨ ਦਾ ਧਿਆਨ ਰੱਖਦਿਆਂ ਇਕ ਦੂਜੇ ਦੇ ਸਹਿਯੋਗੀ ਬਣ ਕੇ ਇਤਹਾਸਕ ਅਸਥਾਨਾਂ ਦੇ ਦਰਸ਼ਨ ਦੀਦਾਰ ਕਰਨ ਲਈ ਪ੍ਰੇਰਨਾ ਕੀਤੀ। ਲਗਜ਼ਰੀ ਏਸੀ ਬੱਸ ਰਾਹੀਂ 50 ਸ਼ਰਧਾਲੂ ਇਸ ਯਾਤਰਾ ਲਈ ਰਵਾਨਾ ਹੋਏ।ਜ਼ਿਕਰਯੋਗ ਹੈ ਕਿ ਇਸ ਯਾਤਰਾ ਦੌਰਾਨ ਸਿੱਖ ਪੰਥ ਦੇ ਪੰਜਾਂ ਤਖ਼ਤਾਂ-ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਤਖ਼ਤ ਸੱਚਖੰਡ ਨੰਦੇੜ ਸ੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਕਰਵਾਉਣ ਦੇ ਨਾਲ-ਨਾਲ ਇਨ੍ਹਾਂ ਅਸਥਾਨਾਂ ਦੀ ਇਤਿਹਾਸਕ ਮਹੱਤਤਾ ਦੀ ਪੂਰੀ-ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ। ਭਾਈ ਮਾਲੜੀ ਨੇ ਦੱਸਿਆ ਕਿ ਪ੍ਰਸਿੱਧ ਕੌਮਾਂਤਰੀ ਸਿੱਖ ਪ੍ਰਚਾਰਕ ਗਿਆਨੀ ਰਾਜਪਾਲ ਸਿੰਘ ਬੋਪਾਰਾਏ (ਕਥਾਵਾਚਕ ਗੁਰਦੁਆਰਾ ਸ਼ਹੀਦਾਂ ਬਾਬਾ ਨਿਹਾਲ ਸਿੰਘ ਜੀ ਤੱਲ੍ਹਣ) ਯਾਤਰਾ ਦੌਰਾਨ ਗੁਰਦੁਆਰੇ-ਗੁਰਧਾਮਾਂ ਦੇ ਇਤਿਹਾਸ ਸਬੰਧੀ ਜਾਣਕਾਰੀ ਦੇਣ ਲਈ ਸੰਗਤਾਂ ਦੇ ਨਾਲ ਰਹਿਣਗੇ ਅਤੇ ਸਫਰ ਦੇ ਦੌਰਾਨ ਗੁਰਬਾਣੀ, ਗੁਰਮਤਿ ਵਿਚਾਰਾਂ ਅਤੇ ਇਤਿਹਾਸ ਦੀ ਕਥਾ ਵੀ ਸੰਗਤਾਂ ਨੂੰ ਸ੍ਰਵਣ ਕਰਵਾਉਣਗੇ। ਇਸ ਯਾਤਰੂ ਜੱਥੇ ਵੱਲੋਂ 26 ਫਰਵਰੀ ਤੋਂ ਲਗਾਤਾਰ ਵੱਖ-ਵੱਖ ਗੁਰ-ਅਸਥਾਨਾਂ ਅਤੇ ਪੰਜਾਂ ਤਖਤਾਂ ਉਪਰ ਦਰਸ਼ਨ ਕਰਨ ਉਪਰੰਤ 18 ਮਾਰਚ 2026 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਯਾਤਰਾ ਦੀ ਸਮਾਪਤੀ ਦੀ ਅਰਦਾਸ ਹੋਵੇਗੀ। ਹੋਰਨਾਂ ਸੰਗਤਾਂ ਦੇ ਨਾਲ-ਨਾਲ ਯਾਤਰਾ ਵਿਚ ਡਾ. ਦਲਬੀਰ ਸਿੰਘ, ਗਿਆਨ ਸਿੰਘ ਪੰਨੂ, ਜੋਗਾ ਸਿੰਘ ਥਾਂਦੀ, ਜਸਵਿੰਦਰ ਕੌਰ ਥਾਂਦੀ, ਹਰਭਜਨ ਕੌਰ ਢੰਡਾ, ਬਲਵੀਰ ਕੌਰ ਸਮੈਦਿਕ, ਹਰਭਜਨ ਕੌਰ ਵਿਰਕ, ਪਰਮਜੀਤ ਕੌਰ ਮਾਲੜੀ, ਪਰਮਜੀਤ ਸਿੰਘ ਥਿਆੜਾ, ਕਮਲਜੀਤ ਕੌਰ ਅਮਰੀਕਾ, ਜਸਵੀਰ ਕੌਰ ਵਿਰਕ ਟੋਰਾਂਟੋ, ਬਲਜਿੰਦਰ ਕੌਰ ਵੁਲਵਰਹੈਂਪਟਨ, ਰਣਜੀਤ ਸਿੰਘ ਗ੍ਰੇਵਜ਼ੈਂਡ, ਗੁਰਮੀਤ ਸਿੰਘ ਰੰਧਾਵਾ, ਸ਼ਿੰਗਾਰਾ ਸਿੰਘ ਕਵੈਂਟਰੀ, ਗੁਰਪ੍ਰੀਤ ਸਿੰਘ ਗੋਪੀ ਕੈਮਰਾਮੈਨ ਆਵਾਜ਼ਿ-ਕੌਮ ਟੀਵੀ, ਭਾਈ ਰਣਜੀਤ ਸਿੰਘ ਪਲਾਹੀ ਸਾਹਿਬ, ਰਮਨਦੀਪ ਕੌਰ ਬਖੌਰਾ, ਕਰਨੈਲ ਸਿੰਘ ਕਾਲਾ ਡਰਾਈਵਰ ਆਦਿ ਸ਼ਾਮਿਲ ਹੋਏ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੀਨੀਅਰ ਸਿਟੀਜਨ ਕੌਂਸਲ ਵੱਲੋਂ ਬਜੁਰਗ ਮੈਂਬਰਾਂ ਦਾ ਜਨਮ ਦਿਨ ਮਨਾਇਆ






**ਫ਼ਿਰੋਜ਼ਪੁਰ, 02 ਮਾਰਚ (ਮਨੋਹਰ ਲਾਲ) :—** ਸੀਨੀਅਰ ਸਿਟੀਜਨ ਕੌਂਸਲ ਵੱਲੋਂ ਬਾਗਬਾਨ ਮਖੂ ਗੇਟ ਫ਼ਿਰੋਜ਼ਪੁਰ ਸ਼ਹਿਰ ਵਿਖੇ ਹਰ ਮਹੀਨੇ ਦੀ ਤਰ੍ਹਾਂ ਆਪਣੇ ਸੀਨੀਅਰ ਸਿਟੀਜਨ ਮੈਂਬਰਾਂਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਤੇ ਮੁੱਖ ਮਹਿਮਾਨ ਡਾਕਟਰ ਇੰਦਰਮੀਤ ਸਿੰਘ ਜ਼ੋ ਕਿ ਸਪੈਸ਼ਲ ਕੈਨੇਡਾ ਤੋਂ ਆਏ। ਇਸ ਮੌਕੇ ਤੇ ਇੰਦਰਮੀਤ ਸਿੰਘ ਨੇ ਬੋਲਦਿਆਂ ਕਿਹਾ ਕਿ ਮੈਨੂੰ ਇਹ ਵੇਖ ਕੇ ਬਹੁਤ ਹੀ ਖੁਸ਼ੀ ਮਹਿਸੂਸ ਹੋਈ ਹੈ ਕਿ 60 ਸਾਲ ਤੋਂ ਬਾਅਦ ਹਰ ਹਫਤੇ ਸੀਨੀਅਰ ਸਿਟੀਜਨ ਇਕੱਠੇ ਇਕ ਛੱਤ ਤੇ ਹੁੰਦੇ ਹਨ ਅਤੇ ਆਪਣੇ ਦੁੱਖ ਸੁੱਖ ਕਰਦੇ ਹਨ ਅਤੇ ਗਾਣਾ, ਹਾਸਾ, ਮਜਾਕ ਇਕ ਦੂਜੇ ਨਾਲ ਕਰਕੇ ਆਪਣਾ ਦਿਲ ਖੁਸ਼ ਰੱਖਦੇ ਹਨ। ਇਸ ਮੌਕੇ ਤੇ ਡਾਕਟਰ ਇੰਦਰਮੀਤ ਸਿੰਘ ਸੀਨੀਅਰ ਸਿਟੀਜਨ ਕੌਂਸਲ ਦੇ ਪ੍ਰਧਾਨ ਪੀ.ਡੀ ਸ਼ਰਮਾ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਮੈਨੂੰ ਇਥੇ ਸੱਦਾ ਦਿੱਤਾ। ਇਸ ਮੌਕੇ ਤੇ ਅਮਨਦੀਪ ਹਸਪਤਾਲ ਵੱਲੋਂ ਮਰੀਜਾਂ ਦਾ ਚੈਕਅਪ ਕਰਕੇ ਦਵਾਈਆਂ ਦਿੱਤੀਆਂ, ਜਿਸ ਵਿਚ ਡਾਕਟਰ ਮੁਹੰਮਦ ਅਨਰ ਅਤੇ ਟੀਮ ਨੇ ਚੈਕਅਪ ਕਰਕੇ ਦਵਾਈਆਂ ਦਿੱਤੀਆਂ। ਇਸ ਮੌਕੇ ਤੇ ਸ੍ਰੀ ਪੀ.ਡੀ ਸ਼ਰਮਾ ਨੇ ਬੋਲਦਿਆਂ ਕਿਹਾ ਕਿ ਆਪਾ ਸਾਰੇ 10 ਲੱਖ ਦਾ ਮੁਫਤ ਇਲਾਜ ਲਈ ਕਾਰਡ ਜ਼ਰੂਰ ਬਨਾਉ, ਜੇਕਰ ਤੁਹਾਨੂੰ ਕੋਈ ਦਿੱਕਤ ਆਉਂਦੀ ਹੈ ਤਾਂ ਆਪਾ ਸਾਰੇ ਰਲ ਮਿਲ ਕੇ ਹੱਲ ਕੱਢਾਂਗੇ। ਇਸ ਮੌਕੇ ਤੇ ਰੰਗਾਂ—ਰੰਗ ਪ੍ਰੋਗਰਾਮ ਪੇਸ਼ ਕੀਤਾ, ਜਿਨ੍ਹਾਂ ਵਿਚ ਅਵਤਾਰ ਸਿੰਘ, ਗੁਰਦਿਆਲ ਸਿੰਘ ਵਿਰਕ, ਵਰਿੰਦਰ ਸ਼ਰਮਾ, ਅਸ਼ੋਕ ਕੱਕੜ, ਰਾਧੇ ਮੋਹਨ, ਸ਼ਿਵ ਦਰਸ਼ਨ, ਜਤਿੰਦਰ ਨਿਸਚਲ ਨੇ ਬਹੁਤ ਵਧੀਆ ਗੀਤ ਸੰਗੀਤ, ਭਜਨ ਆਦਿ ਗਾ ਕੇ ਵਾਹ—ਵਾਹ ਖੱਟੀ। ਇਸ ਮੌਕੇ ਤੇ ਸਭ ਤੋਂ ਬਜੁਰਗ ਸ੍ਰੀ ਓਮ ਪ੍ਰਕਾਸ਼ ਬਜਾਜ ਨੂੰ ਠੁਮਕਾ ਐਵਾਰਡ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਇਲਾਵਾ ਜਿਨ੍ਹਾਂ ਦੇ ਜਨਮ ਦਿਨ ਸਨ ਉਨ੍ਹਾਂ ਵਿਚ ਸਵਰਨ ਸਿੰਘ ਸੁਹਾਨਾ, ਅਵਤਾਰ ਸਿੰਘ, ਅੰਮ੍ਰਿਤ ਸੋਢੀ, ਰਾਮਪਾਲ ਬਜਾਜ, ਜ਼ੋਗਿੰਦਰ ਸਿੰਘ ਕਟਾਰੀਆ, ਪ੍ਰਦੀਪ ਕੁਮਾਰ ਸ਼ਰਮਾ ਦੇ ਜਨਮ ਦਿਨ ਮਨਾਏ। ਇਸ ਮੌਕੇ ਤੇ ਸ੍ਰੀ ਪੀ.ਡੀ ਸ਼ਰਮਾ ਪ੍ਰਧਾਨ, ਸਵਰਨ ਸਿੰਘ ਸੁਹਾਨਾ, ਅੰਮ੍ਰਿਤ ਸੋਢੀ, ਮੱਖਣ ਲਾਲ, ਅਵਤਾਰ ਸਿੰਘ, ਵਿਨੋਦ ਗਰੋਵਰ, ਬਲਵੀਰ ਸਿੰਘ, ਪ੍ਰਦੀਪ ਕੁਮਾਰ, ਜ਼ੋਗਿੰਦਰ ਸਿੰਘ ਕਟਾਰੀਆ, ਸੁਰਿੰਦਰ ਸਿੰਘ ਨੇ ਬਹੁਤ ਹੀ ਵਧੀਆ ਇੰਤਜਾਮ ਕਰਕੇ ਮੈਡੀਕਲ ਕੈਂਪ ਲੁਆਇਆ। ਅਖੀਰ ਵਿਚ ਸ੍ਰੀ ਪੀ.ਡੀ ਸ਼ਰਮਾ ਨੇ ਆਏ ਹੋਏ ਮੁੱਖ ਮਹਿਮਾਨ, ਡਾਕਟਰ ਇੰਦਰਮੀਤ ਸਿੰਘ ਅਤੇ ਅਮਨਦੀਪ ਹਸਪਤਾਲ ਦੇ ਡਾਕਟਰਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਤੇ ਜਿਹੜੇ 10 ਮੈਂਬਰ ਆਏ ਉਨ੍ਹਾਂ ਦਾ ਲੱਕੀ ਡਰਾਅ ਵੀ ਕੱਢਿਆ ਅਤੇ ਇਨਾਮ ਦਿੱਤਾ। ਇਸ ਮੌਕੇ ਤੇ ਸਟੇਜ਼ ਦੀ ਸੇਵਾ ਸ: ਸਵਰਨ ਸਿੰਘ ਸੁਹਾਨਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ ਚਾਹ ਅਤੇ ਲੰਚ ਦਾ ਇੰਤਜਾਮ ਬਹੁਤ ਹੀ ਵਧੀਆ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਟਰੱਸਟ ਸਦਾਵਰਤ ਪੰਚਾਇਤੀ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ

# 101 ਗਰੀਬ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਰਾਸ਼ਨ



ਫ਼ਿਰੋਜ਼ਪੁਰ, 02 ਮਾਰਚ (ਮਨੋਹਰ ਲਾਲ) :— ਹਮੇਸ਼ਾ ਦੁੱਖ—ਸੁੱਖ ਵਿਚ ਮੋਹਰਲੀ ਕਤਾਰ ਵਿਚ ਰਹਿਣ ਵਾਲੀ ਟਰੱਸਟ ਸਦਾਵਰਤ ਪੰਚਾਇਤੀ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ 101 ਗਰੀਬ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ। ਇਸ ਮੌਕੇ ਤੇ ਟਰੱਸਟ ਸਦਾਵਰਤ ਪੰਚਾਇਤੀ ਦੇ ਅਹੁਦੇਦਾਰ ਸ੍ਰੀ ਪੀ.ਸੀ ਕੁਮਾਰ, ਉਮ ਪ੍ਰਕਾਸ਼ ਕੈਸ਼ੀਅਰ, ਰਜਨੀਸ਼ ਕਪੂਰ ਰਿਟਾਇਰਡ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਨੇ ਸਭ ਤੋਂ ਪਹਿਲਾਂ ਵਾਹਿਗੁਰੂ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਜਿਨ੍ਹਾਂ ਨੇ ਇਹ ਟਰੱਸਟ ਜ਼ੋ ਕਿ 1914 ਵਿਚ ਉਨ੍ਹਾਂ ਚੰਗੀਆਂ ਆਤਮਾ ਲਈ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕੀਤੀ ਕਿ ਉਨ੍ਹਾਂ ਦਾ ਸਵਰਗਾਂ ਵਿਚ ਵਾਸਾ ਹੋਵੇ, ਜਿਨ੍ਹਾਂ ਨੇ ਆਪਣੀਆਂ ਜਾਇਦਾਦਾਂ, ਟਰੱਸਟ ਦੇ ਨਾਮ ਲੁਆਈਆਂ, ਜਦੋਂ ਲੋਕ ਭੁਖਮਰੀ ਦਾ ਸ਼ਿਕਾਰ ਹੋ ਗਏ ਸੀ ਅਤੇ ਦੇਸ਼ ਅੰਦਰ ਕਾਲ ਪੈ ਗਿਆ ਸੀ ਤਾਂ ਕੁਝ ਚੰਗੀਆਂ ਆਤਮਾਵਾਂ ਨੇ ਰਲ ਕੇ ਇਹ ਟਰੱਸਟ ਬਨਾਇਆ ਜ਼ੋ ਕਿ 112 ਸਾਲਾਂ ਤੋਂ ਲਗਾਤਾਰ ਚੱਲ ਰਿਹਾ ਹੈ। ਇਸ ਮੌਕੇ ਤੇ ਸ੍ਰੀ ਪੀ.ਸੀ ਕੁਮਾਰ ਨੇ ਬੋਲਦਿਆਂ ਕਿਹਾ ਕਿ ਸਾਨੂੰ ਵੱਧ ਚੜ੍ਹ ਕੇ ਇਨ੍ਹਾਂ ਗਰੀਬ ਲੋੜਵੰਦ ਪਰਿਵਾਰਾਂ ਦੀ ਮੱਦਦ ਕਰਨੀ ਚਾਹੀਦੀ ਹੈ ਤਾਂ ਜ਼ੋ ਇਥੇ ਕੋਈ ਵੀ ਭੁੱਖਾ ਨਾ ਸੋਵੇ, ਹਰ ਕਿਸੇ ਦੀ ਜ਼ਰੂਰਤ ਪੂਰੀ ਹੋਵੇ। ਇਹ ਟਰੱਸਟ ਸਦਾਵਰਤ ਜ਼ੋ ਕਿ ਰਾਸ਼ਨ ਤੋਂ ਇਲਾਵਾ ਗਰੀਬ ਬੱਚਿਆਂ ਦੀਆਂ ਫੀਸਾਂ, ਕਿਤਾਬਾਂ, ਕਾਪੀਆਂ, ਦਵਾਈਆਂ ਆਦਿ ਤੋਂ ਇਲਾਵਾ ਕੁਦਰਤੀ ਆਫਤਾਂ ਵਿਚ ਸਰਕਾਰ ਨਾਲ ਮੋਢੇ ਨਾਲ ਮੋਢਾ ਲਾ ਕੇ ਸਹਾਇਤਾ ਕਰਦੀ ਹੈ। ਇਸ ਮੌਕੇ ਤੇ ਰਜਨੀਸ਼ ਕਪੂਰ ਰਿਟਾਇਰਡ ਮੈਨੇਜਰ ਨੇ ਬੋਲਦਿਆਂ ਕਿਹਾ ਕਿ ਸਾਨੂੰ ਜਿਸ ਲੋੜਵੰਦ ਪਰਿਵਾਰ ਦੀ ਕਰੋ ਦਿਲੋ ਕਰੋ ਮੈਂ ਦਿਖਾਵੇ ਵਿਚ ਵਿਸਵਾਸ਼ ਨਹੀਂ ਰੱਖਦਾ, ਕਿਉਂਕਿ ਮੈਂ ਖੁਦ 4—5 ਬੱਚਿਆਂ ਦੀਆਂ ਫੀਸਾਂ ਆਪਣੀ ਜੇਬ ਤੋਂ ਲਗਾਤਾਰ ਕਾਫੀ ਸਮੇਂ ਤੋਂ ਦੇ ਰਿਹਾ ਹਾਂ। ਮੈਂ ਕਦੇ ਵੀ ਦਿਖਾਵਾਂ ਨਹੀਂ ਕੀਤਾ। ਇਸ ਮੌਕੇ ਤੇ ਸ੍ਰੀ ਓਮ ਪ੍ਰਕਾਸ਼ ਨੇ ਬੋਲਦਿਆਂ ਕਿਹਾ ਕਿ ਅਸੀਂ ਘਰ—ਘਰ ਜਾ ਕੇ ਲੋੜਵੰਦ ਪਰਿਵਾਰਾਂ ਦੀ ਮੱਦਦ ਕਰਦੇ ਆ ਰਹੇ ਹਾਂ। ਉਹ ਪ੍ਰਮਾਤਮਾ ਇਹ ਸੇਵਾ ਆਪੇ ਕਰਵਾ ਰਿਹਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਸੀਨੀਅਰ ਸਿਟੀਜਨ ਫੋਰਮ ਨੇ ਮਨਾਇਆ ਹੋਲੀ ਦਾ ਪਵਿੱਤਰ ਦਿਹਾੜਾ



**ਫ਼ਿਰੋਜ਼ਪੁਰ, 02 ਮਾਰਚ (ਮਨੋਹਰ ਲਾਲ) :—** ਫ਼ਿਰੋਜ਼ਪੁਰ ਸੀਨੀਅਰ ਸਿਟੀਜਨ ਫੋਰਮ ਫ਼ਿਰੋਜ਼ਪੁਰ ਦੇ ਪ੍ਰਧਾਨ ਸ਼੍ਰੀ ਪਰਦੀਪ ਧਵਨ ਦੀ ਅਗਵਾਈ ਹੇਠ ਬਾਗਬਾਨ ਕੰਪਲੈਕਸ ਮੱਖੂ ਗੇਟ ਫਿਰੋਜ਼ਪੁਰ ਸ਼ਹਿਰ ਵਿਖ਼ੇ ਹੋਲੀ ਦਾ ਪਵਿੱਤਰ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮੇਂ ਸ਼੍ਰੀ ਮਦਨ ਲਾਲ ਤਿਵਾੜੀ ਸੀਨੀਅਰ ਮੈਂਬਰ ਦੇ ਜਨਮ ਦਿਵਸ ਦੀਆਂ ਵਧਾਈਆਂ ਸਮੂਹ ਸਾਥੀਆਂ ਵੱਲੋਂ ਸ਼੍ਰੀ ਤਿਵਾੜੀ ਨੂੰ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀ ਚੰਗੀ ਸਿਹਤ ਲਈ ਅਰਦਾਸ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਸ਼੍ਰੀ ਅਸ਼ੋਕ ਕੁਮਾਰ ਕੱਕੜ ਵਲੋਂ ਭਜਨ ਗਾ ਕੇ ਕੀਤੀ ਗਈ ਅਤੇ ਹਾਜ਼ਰੀਨ ਵੱਲੋਂ ਝੂਮ ਕੇ ਖੁਸ਼ੀ ਮਨਾਈ ਗਈ ਅਤੇ ਨੱਚਦੇ, ਟੱਪਦੇ ਹੋਏ ਝੂਮਣ ਲੱਗੇ। ਸਮਾਗਮ ਦੌਰਾਨ ਸਟੇਜ਼ ਸਕੱਤਰ ਦੀ ਜ਼ਿੰਮੇਵਾਰੀ ਅਦਾ ਕਰਦਿਆਂ ਮੁਹਿੰਦਰ ਸਿੰਘ ਧਾਲੀਵਾਲ ਸਕੱਤਰ ਨੇ ਹਾਜ਼ਰੀਨ ਨੂੰ ਹੋਲੀ ਦੇ ਤਿਉਹਾਰ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਭਾਰਤ ਦੇ 7 ਸੂਬਿਆਂ ਵਿਚ ਅਲੱਗ—ਅਲੱਗ ਤਰੀਕੇ ਨਾਲ ਹੋਲੀ ਦਾ ਪਵਿੱਤਰ ਤਿਉਹਾਰ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਖਾਸ ਕਰ ਹਰਨਾਕਸ਼ ਦੀ ਭੈਣ ਹੋਲਿਕਾ ਦੀ ਮੋਤ ਅੱਗ ਵਿੱਚ ਮੌਤ ਅਤੇ ਉਸ ਦੇ ਰੱਬ ਨੂੰ ਮੰਨਣ ਵਾਲੇ ਭਤੀਜੇ ਦੀ ਜ਼ਿੰਦਗੀ ਬਚ ਜਾਣ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਲੋਂ ਵੀ ਜਿੱਤ ਅਤੇ ਚੜ੍ਹਦੀ ਕਲਾ ਦੇ ਪ੍ਰਤੀਕ ਹੌਲਾ ਮੁਹੱਲਾ ਮਨਾਇਆ ਜਾਂਦਾ ਹੈ। ਇਸ ਸਮੇਂ ਅਸ਼ਵਨੀ ਪਾਲ, ਪਤਰਸ, ਚੇਤੰਨ, ਕਮਲ ਸਹੋਤਾ, ਰਾਜੇਸ਼ ਵਾਸੂਦੇਵਾ, ਪਰਮੇਸ਼ ਧਵਨ ਆਦਿ ਵੱਲੋਂ ਗੀਤ ਸੰਗੀਤ ਦਾ ਸ਼ਾਨਦਾਰ ਪ੍ਰੋਗਰਾਮ ਪੇਸ਼ ਕਰਕੇ ਹਾਜਰ ਸਾਥਿਆਂ ਦਾ ਮਨੋਰੰਜਨ ਕੀਤਾ ਗਿਆ। ਇਸ ਸਮੇਂ ਨਵੇਂ ਆਏ ਮੈਬਰ ਸ਼੍ਰੀ ਵਜ਼ੀਰ ਚੰਦ ਨੂੰ ਫੋਰਮ ਦੇ ਪ੍ਰਧਾਨ ਅਤੇ ਸਾਥਿਆਂ ਵੱਲੋਂ ਜੀ ਆਇਆ ਕਿਹਾ ਗਿਆ। ਸ਼੍ਰੀ ਮਦਨ ਲਾਲ ਤਿਵਾੜੀ, ਤਿਲਕ ਰਾਜ ਐਰੀ, ਸਤੀਸ਼ ਪੂਰੀ ਸੀਨੀਅਰ ਮੀਤ ਪ੍ਰਧਾਨ, ਐਸ ਪੀ ਖੇੜਾ ਚੇਅਰਮੈਨ, ਹਰੀਸ਼ ਮੋਂਗਾ ਆਦਿ ਨੇ ਸੰਬੋਧਨ ਕੀਤਾ। ਅੰਤ ਵਿੱਚ ਸ਼੍ਰੀ ਪਰਦੀਪ ਧਵਨ ਪ੍ਰਧਾਨ ਨੇ ਆਏ ਮੈਂਬਰ ਸਾਹਿਬਾਨ ਅਤੇ ਗੀਤ ਸੰਗੀਤ ਪੇਸ਼ ਕਰਨ ਵਾਲੇ ਸਤਿਕਾਰ ਯੋਗ ਕਲਾਕਾਰਾਂ, ਮੀਡੀਆ ਦੇ ਸੁਰਿੰਦਰ ਵਿੱਜ, ਮਨੋਹਰ ਲਾਲ, ਪ੍ਰਬੰਧਕੀ ਕਮੇਟੀ ਦੇ ਮੈਂਬਰ ਦੇਸ਼ ਬੰਧੂ ਤੁਲੀ, ਗਤਿੰਦਰ ਕਮਲ ਕੈਸ਼ੀਅਰ, ਸਤੀਸ਼ ਪੂਰੀ ਸੀਨੀਅਰ ਮੀਤ ਪ੍ਰਧਾਨ, ਚਰਨਜੀਤ ਮਹਾਜਨ, ਪਰੇਮ ਚੰਦ, ਅਸ਼ੋਕ ਕਪਾਹੀ, ਸ਼ਾਮ ਲਾਲ ਗੱਖੜ ਆਦਿ ਦਾ ਸਮਾਗਮ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ ਕਰਵਾਈ ਪੀ.ਟੀ.ਐਮ



**ਫ਼ਿਰੋਜ਼ਪੁਰ, 02 ਮਾਰਚ (ਮਨੋਹਰ ਲਾਲ) :—** ਮੋਗਾ ਰੋਡ ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿੱਚ ਪੇਰੇਂਟਸ—ਟੀਚਰ ਮੀਟਿੰਗ (ਪੀ.ਟੀ.ਐਮ) ਅਤੇ ਰਾਸ਼ਟਰੀ ਵਿਗਿਆਨ ਦਿਵਸ ਤੇ ਵਿਗਿਆਨ ਪ੍ਰਦਰਸ਼ਨੀ ਦਾ ਆਯੋਜਨ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ ਵਾਈਸ ਚੇਅਰਮੈਨ ਵਿਭੋਗ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੇ ਨਿਰਦੇਸ਼ਾਂ ਉੱਤੇ ਕੀਤਾ ਗਿਆ। ਪੀ.ਟੀ.ਐਮ ਮੌਕੇ ਤੇ ਵਿਦਿਆਰਥੀਆਂ ਦੀ ਮਿਆਦ—2 ਦੀ ਪ੍ਰੀਖਿਆਵਾਂ ਨਾਲ ਸੰਬੰਧਿਤ ਪਾਠਕ੍ਰਮ ਅਤੇ ਰੋਲ ਨੰਬਰ ਉਪਲਬਧ ਕਰਵਾਏ ਗਏ ਅਤੇ ਅਧਿਆਪਕਾਂ ਦੁਆਰਾ ਮਾਪਿਆਂ ਨੂੰ ਪ੍ਰੀਖਿਆਵਾਂ ਨਾਲ ਸੰਬਧਤ ਦੁਹਰਾਈ ਦੀ ਜਾਣਕਾਰੀ ਦਿੱਤੀ ਗਈ। ਨੋਬੇਲ ਪੁਰਸਕਾਰ ਵਿਜੇਤਾ ਸੀ.ਵੀ ਰਾਮਨ ਦੀ ਖੋਜ ਰਮਨ ਪ੍ਰਭਾਵੋਦੇ ਕਾਰਨ 28 ਫਰਵਰੀ ਨੂੰ ਦੇਸ਼ ਭਰ ਵਿੱਚ ਮਨਾਏ ਜਾਣ ਵਾਲੇ ਰਾਸ਼ਟਰੀ ਵਿਗਿਆਨ ਦਿਵਸ ਦੇ ਅਵਸਰ ਉੱਤੇ ਵਿਦਿਆਰਥੀਆਂ ਦੁਆਰਾ ਵਿਗਿਆਨ ਪ੍ਰਦਰਸ਼ਨੀ (ਸਾਇੰਸ ਐਗਜੀਬਿਸ਼ਨ) ਲਗਾਈ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਵਿਭਿੰਨ ਮਾਡਲ ਬਣਾ ਕੇ ਆਪਣੀ ਪ੍ਰਤਿਭਾ ਵਿਖਾਈ। ਵਿਦਿਆਰਥੀਆਂ ਦੁਆਰਾ ਰਸਾਇਨ ਵਿਗਿਆਨ ਨਾਲ ਸੰਬੰਧਿਤ ਕਈ ਪ੍ਰਕਾਰ ਦੇ ਪ੍ਰਯੋਗ ਵੀ ਮਾਪਿਆਂ ਨੂੰ ਵਿਖਾਏ ਗਏ। ਇਸ ਦੌਰਾਨ ਪੀ.ਟੀ.ਐਮ ਤੇ ਆਏ ਮਾਪਿਆਂ ਨੇ ਇਸ ਪ੍ਰਦਰਸ਼ਨ ਨੂੰ ਵੇਖਿਆ ਅਤੇ ਵਿਦਿਆਰਥੀਆਂ ਦੀ ਪ੍ਰਸੰਸਾ ਕੀਤੀ ਗਈ। ਵਿਦਿਆਰਥੀਆਂ ਨੇ ਬਣਾਏ ਗਏ ਸਾਇੰਸ ਦੇ ਮਾਡਲਾਂ ਦੇ ਬਾਰੇ ਵਿੱਚ ਉਚਿਤ ਜਾਣਕਾਰੀ ਵੀ ਪ੍ਰਦਾਨ ਕੀਤੀ। ਸੀ.ਵੀ ਰਮਣ ਨੇ ਇਸ ਦਿਨ 1928 ਨੂੰ ਇਹ ਖੋਜ ਕੀਤੀ ਸੀ ਇਸਦੇ ਲਈ ਇਸ ਨੂੰ 1930 ਵਿੱਚ ਨੋਬਲ ਪੁਰਸਕਾਰ ਦਿੱਤਾ ਗਿਆ ਸੀ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਦੁਆਰਾ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਰਾਸ਼ਟਰੀ ਵਿਗਿਆਨ ਦਿਵਸ ਦਾ ਮੂਲ ਉਦੇਸ਼ ਵਿਦਿਆਰਥੀਆਂ ਨੂੰ ਵਿਗਿਆਨ ਦੇ ਪ੍ਰਤੀ ਆਕਰਸ਼ਿਤ ਅਤੇ ਪ੍ਰੇਰਿਤ ਕਰਨਾ ਹੈ ਅਤੇ ਜਨ ਸਧਾਰਨ ਨੂੰ ਵਿਗਿਆਨ ਅਤੇ ਵਿਗਿਆਨਿਕ ਉਪਲਬਧੀਆਂ ਦੇ ਪ੍ਰਤੀ ਯੋਗ ਬਣਾਉਣਾ ਹੈ। ਵਿਗਿਆਨ ਦੇ ਬਿਨਾਂ ਵਿਕਾਸ ਦੀ ਕਲਪਨਾ ਵੀ ਅਸੀਂ ਨਹੀਂ ਕਰ ਸਕਦੇ। ਇਸ ਪ੍ਰਦਰਸ਼ਨੀ ਵਿੱਚ ਸਕੂਲ ਦੇ ਵਿਗਿਆਨ ਵਿਸ਼ੇ ਦੇ ਅਧਿਆਪਕਾਂ ਦਾ ਬਹੁਤ ਸਹਿਯੋਗ ਰਿਹਾ। ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਇਸ ਪ੍ਰਦਰਸ਼ਨੀ ਵਿੱਚ ਵਿਸ਼ੇਸ਼ ਰੂਪ ਵਿੱਚ ਸ਼ਾਮਿਲ ਹੋਏ ਅਤੇ ਬੱਚਿਆਂ ਨੂੰ ਵਿਗਿਆਨ ਵਿਸ਼ੇ ਨੂੰ ਲੈ ਕੇ ਦਿਲਚਸਪੀ ਦੀ ਪ੍ਰਸੰਸਾ ਕੀਤੀ ਅਤੇ ਆਉਣ ਵਾਲੀ ਅਵਧੀ—2 ਦੀ ਪ੍ਰੀਖਿਆਵਾਂ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸਖਤ ਮਿਹਨਤ ਕਰਨ ਦੀ ਸਲਾਹ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਅਮਰੀਕਾ ਵਿੱਚ ਸਿੱਖ ਸੰਗਤਾਂ ਵੱਲੋਂ

# ਦਿੱਤੇ ਪਿਆਰ ਲਈ ਸਦਾ ਰਿਣੀ ਰਹਾਂਗਾ : ਸਰਬਜੀਤ ਸਿੰਘ ਲਾਡੀ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪਿਛਲੇ ਲੰਮੇ ਸਮੇਂ ਤੋਂ ਸਿੱਖ ਪੰਥ ਦੇ ਵਿੱਚ ਸਿੱਖੀ ਦੇ ਪ੍ਰਚਾਰ ਨੂੰ ਅੱਗੇ ਵਧਾਉਣ ਲਈ ਇਸ ਉਪਰਾਲੇ ਕਰ ਰਹੇ ਅੱਜ ਕੱਲ ਅਮਰੀਕਾ ਦੀ ਧਰਤੀ ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਚਾਰ ਕਰਨ ਭਾਈ ਸਾਹਿਬ ਭਾਈ ਸਰਬਜੀਤ ਸਿੰਘ ਲਾਡੀ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ,ਭਾਈ ਮਹਿਲ ਸਿੰਘ ਚੰਡੀਗੜ ਵਾਲੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਇਤਿਹਾਸ ਸੁਣਾਕੇ ਨਿਹਾਲ ਕੀਤਾ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਭਾਈ ਰਾਗੀ ਸਰਬਜੀਤ ਸਿੰਘ ਲਾਡੀ ਨੇ ਕਿਹਾ ਕਿ ਜਿਵੇਂ ਆਪਣੇ ਪੰਜਾਬ ਦੇ ਵਿੱਚ ਸਿੱਖ ਇਤਿਹਾਸ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੀ ਸਿੱਖ ਨੌਜਵਾਨੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਆਪਣਾ ਜੀਵਨ ਸਵਾਰ ਰਹੇ ਹਨ ਉਸੇ ਹੀ ਤਰ੍ਹਾਂ ਵਿਦੇਸ਼ ਦੀ ਧਰਤੀ ਤੇ ਬੱਸ ਦੇ ਪੰਜਾਬੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਆਪਣਾ ਜੀਵਨ ਸਵਾਰ ਰਹੇ ਹਨ। ਇਸੇ ਹੀ ਤਰ੍ਹਾਂ ਵਿਦੇਸ਼ਾਂ ਦੀ ਧਰਤੀ ਦੇ ਵਿੱਚ ਰਹਿੰਦੇ ਹੋਏ ਸਿੱਖ ਨੌਜਵਾਨ ਨੇ ਆਪਣੀ ਸਿੱਖੀ ਨੂੰ ਵਿਦੇਸ਼ਾਂ ਦੀ ਧਰਤੀ ਤੇ ਵੀ ਕਾਇਮ ਰੱਖਿਆ ਹੋਇਆ ਹੈ ਉਹਨਾਂ ਕਿਹਾ ਕਿ ਜਿੰਨਾ ਪਿਆਰ ਪੰਜਾਬ ਦੇ ਵਾਸੀ ਸਾਨੂੰ ਦੇ ਰਹੇ ਹਨ ਉਨਾ ਹੀ ਪਿਆਰ ਸਾਨੂੰ ਵਿਦੇਸ਼ ਦੀ ਧਰਤੀ ਤੇ ਜਾ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਾਪ ਕਰਨ ਦੇ ਵਿੱਚ ਮਿਲ ਰਿਹਾ ਹੈ ।ਇਸ ਮੌਕੇ ਹਰਵਿੰਦਰ ਸਿੰਘ ਹੈਪੀ, ਅਜਾਦ ਸਿੰਘ , ਗੁਰਮੀਤ ਸਿੰਘ , ਅਲਜਿੰਦਰ ਸਿੰਘ ,ਵਰਿੰਦਰ ਸਿੰਘ, ਜਗਤਾਰ ਸਿੰਘ ਹਾਜਰ ਸਨ।

### ਗੁ: ਸ਼ਹੀਦ ਸਿੰਘਾਂ ਚੌਹੜਾ ਕੋਟ ਪੱਲੀਆਂ ਵਿਖੇ

# ਹੋਲੇ ਮਹੱਲੇ ਦੇ ਲੰਗਰਾ ਵਿੱਚ ਵਿਅੰਤ ਸੰਗਤਾਂ ਪਹੁੰਚੀਆਂ : ਜਥੇਦਾਰ ਸਵਰਨਜੀਤ ਸਿੰਘ










**ਬੰਗਾ, 2 ਮਾਰਚ ( ਹਰਪ੍ਰੀਤ ਸਿੰਘ ਪਠਲਾਵਾ)** -ਹੋਲੇ ਮਹੱਲੇ ਦੇ ਮਹਾਨ ਪਵਿੱਤਰ ਦਿਹਾੜੇ ਮੌਕੇ ਖਾਲਸਾ ਪੰਥ ਦੇ ਜਨਮ ਅਸਥਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਦੇ ਦਰਸ਼ਨ ਦੀਦਾਰ ਕਰਨ ਲਈ ਆਉਣ ਜਾਣ ਵਾਲੀਆਂ ਸੰਗਤਾਂ ਲਈ ,ਜਥੇਦਾਰ ਸਵਰਨਜੀਤ ਸਿੰਘ ਪਠਲਾਵਾ ਮੁੱਖੀ ਮਿਸ਼ਲ ਸ਼ਹੀਦਾਂ ਤਰਨਾ ਦਲ ਦੋਆਬਾ ਦੀ ਅਗਵਾਈ ਚ ਬੰਗਾ - ਗੜ੍ਹਸ਼ੰਕਰ ਮਾਰਗ ਤੇ ਸਥਿਤ ਗੁਰਦੁਆਰਾ ਸ਼ਹੀਦਾਂ ਸਿੰਘਾਂ ਬਾਬਾ ਬੇਅੰਤ ਸਿੰਘ ਦੇ ਅਸਥਾਨ ਕੋਟ ਪੱਲੀਆਂ, ਚੌਹੜਾ, ਡਘਾਮ ਵਿਖੇ ਇਲਾਕਾ ਨਿਵਾਸੀ ਸਾਧ ਸੰਗਤਾ ਦੇ ਸਹਿਯੋਗ ਨਾਲ 24 ਘੰਟੇ ਗੁਰੂ ਕਾ ਲੰਗਰ ਸ਼ੁਰੂ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਸਵਰਨਜੀਤ ਸਿੰਘ ਨੇ ਦੱਸਿਆ ਕਿ ਇਹ ਲੰਗਰ 28 ਫਰਵਰੀ ਤੋਂ 6 ਮਾਰਚ ਤੱਕ ਚੱਲਣਗੇ। ਇਨ੍ਹਾਂ ਲੰਗਰਾਂ ਵਿੱਚ ਚਾਹ ਪਕੌੜੇ, ਗਰਮਾ- ਗਰਮ ਦਾਲ, ਸਬਜੀਆ, ਜਲੇਬੀਆਂ ਨਾਲ ਪ੍ਰਸ਼ਾਦੇ ਲੰਗਰ ਵਰਤਾਏ ਜਾ ਰਹੇ ਹਨ ਅਤੇ ਗੰਨੇ ਦਾ ਰਸ ਦੇ ਲੰਗਰ ਵੀ ਵਰਤਾਏ ਜਾ ਰਹੇ ਹਨ,। ਅਤੇ ਇਸ ਮੌਕੇ ਫਰੀ ਮੈਡੀਕਲ ਕੈਂਪ ਗੁਰਸੇਵਾ ਗਰੁੱਪ ਆਫ ਕਾਲਜ ਪਨਾਮ , ਵਲੋਂ ਲਗਾਇਆ ਗਿਆ, ਜਿਸ ਵਿੱਚ ਸੰਗਤਾਂ ਨੇ ਦਵਾਈਆਂ ਲਈਆ ਗਈਆ ਇਸ ਮਹਾਨ ਲੰਗਰ ਦੇ ਕੁੰਭ ਵਿਚ ਇਲਾਕੇ ਦੀ. ਸਿਰਮੌਰ ਸੰਸਥਾ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਚੇਅਰਮੈਨ ਇੰਦਰਜੀਤ ਸਿੰਘ ਵਾਰੀਆ ਦੀ ਅਗਵਾਈ ਹੇਠ ਅਤੇ ਸੰਸਥਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵਲੋ ਵੱਡਾ ਮੁੱਲਾ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਮੌਕੇ ਬਾਬਾ ਹਰਨੇਕ ਸਿੰਘ,ਬਲਵੀਰ ਸਿੰਘ ਬਸਿਆਲਾ, ਬਾਬਾ ਸੇਵਾ ਸਿੰਘ, ਬਾਬਾ ਧੰਨਾ ਸਿੰਘ, ਤਰਲੋਚਨ ਸਿੰਘ ਵਾਰੀਆ ,ਪਰਮਜੀਤ ਸਿੰਘ, ਹਰਪ੍ਰੀਤ ਸਿੰਘ ਪਠਲਾਵਾ,ਠੇਕੇਦਾਰ, ਬਾਬਾ ਫਤਿਹ ਸਿੰਘ, ਬਾਬਾ ਅਜੀਤ ਸਿੰਘ, ਬਲਦੇਵ ਸਿੰਘ ਪਾਬਲਾ, ਬਾਬਾ ਚੈਹਿਲ ਸਿੰਘ, ਬਾਬਾ ਮੇਜਰ ਸਿੰਘ, ਸਰਪੰਚ ਹਰਮੇਸ਼ ਲਾਲ , ਹਰਜੀਤ ਸਿੰਘ, ਅਵਤਾਰ ਸਿੰਘ ਸੂਰਾਪੁਰ, ਬਾਬਾ ਸੇਵਾ ਸਿੰਘ, ਸਰਬਜੀਤ ਸਿੰਘ ਡਘਾਮ, ਬਾਬਾ ਰਾਮ ਸਿੰਘ,ਬੀਬੀ ਨਰਿੰਦਰ ਕੌਰ,ਅਤੇ ਸਮੂਹ ਸੇਵਾਦਾਰ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਇੰਟਰਨੈਸ਼ਨਲ ਸਿੱਖ ਕੌਂਸ਼ਲ ਰਜ਼ਿ ਦੇ ਪ੍ਰਧਾਨ ਬੀਬੀ ਤਰਵਿੰਦਰ ਕੌਰ ਖਾਲਸਾ "ਮਾਈ ਭਾਗੋ ਅਵਾਰਡ" ਨਾਲ ਸਨਮਾਨਿਤ




**ਚੌਕ ਮਹਿਤਾ, 2 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਇੰਟਰਨੈਸ਼ਨਲ ਸਿੱਖ ਕੌਂਸ਼ਲ ਰਜ਼ਿ ਟੀਮ ਦੀ ਯੂਨਾਈਟਿਡ ਵੂਮੈਨ ਵਿੰਗ ਵਲੋਂ ਅਜ ਨਵੀਂ ਦਿੱਲੀ ਵਿਖੇ ਇੰਟਰਨੈਸ਼ਨਲ ਵੂਮੈਨ ਦਿਹਾੜਾ ਮਣਾਇਆ ਗਿਆ ਜਿਸ ਵਿਚ ਯੂਨਾਇਟਡ ਵੂਮੈਨ ਵਿੰਗ ਵਲੋ ਮਹਿਲਾਵਾਂ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿਚ ਅਗੇ ਵਧਣ ਲਈ ਪ੍ਰੇਰਿਤ ਕਰਨ ਸੰਬਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਮੌਕੇ ਯੁਨਾਈਟਡ ਵੂਮੈਨ ਵਿੰਗ ਵਲੋ ਇੰਟਰਨੈਸ਼ਨਲ ਸਿੱਖ ਕੌਂਸ਼ਲ ਦੇ ਪ੍ਰਧਾਨ ਬੀਬੀ ਤਰਵਿੰਦਰ ਕੌਰ ਖਾਲਸਾ ਨੂੰ ਸਿੱਖ ਪੰਥ ਦੇ ਪ੍ਰਚਾਰ ਪ੍ਰਸਾਰ ਉਹਨਾਂ ਵਲੋ ਕੀਤੇ ਜਾ ਰਹੇ ਧਾਰਮਿਕ ਸਮਾਜਿਕ ਕਾਰਜਾਂ ਦੇ ਪ੍ਰਤੀ ਸਮਰਪਣ ਦੇ ਚਲਦੇ "ਮਾਈ ਭਾਗੋ ਅਵਾਰਡ" ਨਾਲ ਨਿਵਾਜਿਆ ਗਿਆ ਇਸ ਮੌਕੇ ਮੀਡੀਆ ਨਾਲ ਗੱਲਬਾਤ ਦੌਰਾਨ ਇੰਟਰਨੈਸ਼ਨਲ ਸਿੱਖ ਕੌਂਸ਼ਲ ਰਜਿ ਦੀ ਟੀਮ ਯੁਨਾਈਟਡ ਵੂਮੈਨ ਵਿੰਗ ਦੇ ਪ੍ਰਧਾਨ ਬੀਬੀ ਤਰਵਿੰਦਰ ਕੌਰ ਖਾਲਸਾ ਨੇ ਕਿਹਾ ਕਿ ਮੈਂ ਬਹੁਤ ਹੀ ਨਿਮਰਤਾ ਅਤੇ ਕ੍ਰਿਤਜਤਾ ਨਾਲ ਇਸ ਮੰਚ 'ਤੇ ਖੜੀ ਹਾਂ। "ਮਾਈ ਭਾਗੋ ਐਵਾਰਡ" ਮੇਰੇ ਲਈ ਸਿਰਫ਼ ਇਕ ਸਨਮਾਨ ਨਹੀਂ, ਬਲਕਿ ਇਕ ਜ਼ਿੰਮੇਵਾਰੀ ਹੈ। ਮਾਈ ਭਾਗੋ ਵਰਗੀ ਦਲੇਰ ਸਿੱਖ ਬੀਬੀ ਨੇ ਸਾਨੂੰ ਸਿਖਾਇਆ ਕਿ ਨਿਡਰਤਾ, ਹੌਸਲਾ ਅਤੇ ਧਰਮ ਪ੍ਰਤੀ ਅਟੁੱਟ ਵਿਸ਼ਵਾਸ ਨਾਲ ਅਸੀਂ ਹਰ ਮੁਸ਼ਕਲ ਦਾ ਸਾਹਮਣਾ ਕਰ ਸਕਦੇ ਹਾਂ। ਮੇਰੀ ਕੋਸ਼ਿਸ਼ ਰਹੀ ਹੈ ਕਿ ਮੈਂ ਸੇਵਾ, ਸਿਮਰਨ ਅਤੇ ਸਮਰਪਣ ਦੇ ਰਾਹ 'ਤੇ ਚੱਲਦਿਆਂ ਸਮਾਜ ਦੀ ਭਲਾਈ ਲਈ ਯੋਗਦਾਨ ਪਾਵਾਂ। ਸਿੱਖ ਇਤਿਹਾਸ ਦੀਆਂ ਮਹਾਨ ਬੀਬੀਆਂ ਤੋਂ ਪ੍ਰੇਰਨਾ ਲੈ ਕੇ, ਮੈਂ ਇਹ ਵਿਸ਼ਵਾਸ ਰੱਖਦੀ ਹਾਂ ਕਿ ਜਦੋਂ ਨਾਰੀ ਜਾਗਦੀ ਹੈ ਤਾਂ ਸਮਾਜ ਵਿੱਚ ਸਕਾਰਾਤਮਕ ਬਦਲਾਅ ਆਪਣੇ ਆਪ ਆਉਂਦਾ ਹੈ ।ਇਹ ਸਨਮਾਨ ਮੈਨੂੰ ਹੋਰ ਵੀ ਨਿਮਰ ਬਣਾਉਂਦਾ ਹੈ ਅਤੇ ਅੱਗੇ ਵਧ ਕੇ ਮਨੁੱਖਤਾ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਦਾ ਹੈ।

# ਵੱਡੀ ਗਿਣਤੀ ਚ ਨੌਜਵਾਨ ਹੋਏ ਆਪ ਵਿੱਚ ਸ਼ਾਮਿਲ, ਓਐਸਡੀ ਸੁੱਖੀ ਨੇ ਕੀਤਾ ਸਵਾਗਤ




**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਵੱਖ-ਵੱਖ ਪਾਰਟੀਆਂ ਦੇ ਨੌਜਵਾਨ ਆਗੂ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਨੌਜਵਾਨਾਂ ਨੂੰ ਸ਼ਾਮਿਲ ਕਰਵਾਉਣ ਦੇ ਲਈ ਮੁੱਖ ਮੰਤਰੀ ਸੁਖਵੀਰ ਸਿੰਘ ਸੁੱਖੀ ਓਐਸਡੀ ਮੁੱਖ ਮੰਤਰੀ ਵਿਸ਼ੇਸ ਤੌਰ ਆਪਣੀ ਪੂਰੀ ਟੀਮ ਨਾਲ ਹਾਜਰ ਸਨ ।ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਓਐਸਡੀ ਸੁਖਵੀਰ ਸਿੰਘ ਸੁੱਖੀ ਨੇ ਕਿਹਾ ਕਿ ਜਦੋਂ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੀ ਬਾਂਗ ਡੋਰ ਸੰਭਾਲੀ ਹੈ ਉਸ ਦਿਨ ਤੋਂ ਲੈ ਕੇ ਅੱਜ ਤੱਕ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਲਾ ਕਲੀਨਿਕ ਬਿਜਲੀ ਫਰੀ ਬੈਠੇ ਹਨ ਮੁੱਖ ਮੰਤਰੀ ਤੀਰਥ ਯਾਤਰਾ ਨਹਿਰੀ ਪਾਣੀ ਕਿਸਾਨਾਂ ਦੇ ਖੇਤਾਂ ਨੂੰ ਦੇ ਕੇ ਪੰਜਾਬੀਆਂ ਦਾ ਦਿਲ ਜਿੱਤਿਆ ਹੈ। ਇਸ ਮੌਕੇ ਮੁੱਖ ਮੰਤਰੀ ਦੇ ਦਫਤਰ ਇੰਚਾਰਜ ਰਾਜਵੰਤ ਸਿੰਘ ਘੁੱਲੀ, ਭਿੰਦਾ ਵਿਰਕ ਕੋਆਰਡੀਨੇਟਰ, ਮਾਣਾ ਗਰੇਵਾਲ ਬਲਾਕ ਪ੍ਰਧਾਨ, ਸੁਖਦੀਪ ਸਿੰਘ ਚੀਮਾ, ਸਰਪੰਚ ਸੁਖਚੈਨ ਸਿੰਘ ਮੂਲੋਂਵਾਲ , ਸਰਪੰਚ ਅਮਰੀਕ ਸਿੰਘ, ਸਰਪੰਚ ਦਲਵੀਰ ਸਿੰਘ ਧੰਦੀਵਾਲ, ਸਰਪੰਚ ਅੰਮ੍ਰਿਤ ਚਹਿਲ, ਸਰਪੰਚ ਗੁਰਸੇਵਕ ਸਿੰਘ , ਸਰਪੰਚ ਰਾਜੂ ਬਰੜਵਾਲ, ਦਰਸਨ ਸਿੰਘ ਪਾਠਕ ਹਾਜਰ ਸਨ।

## ਅਸਲੀ ਸਤਸੰਗ

ਬੰਦਿਆ ਤੂੰ ਕਰਦੈਂ ਗੱਲਾਂ ,
ਕੁਦਰਤ ਨਾਲ ਜੰਗ ਦੀਆਂ ।

ਤਾਈਓਂ ਹਨ ਪੀੜਾਂ ਤੈਨੂੰ ,
ਸੂਲ਼ੀ 'ਤੇ ਟੰਗਦੀਆਂ ।

ਕਰਦੇ ਹਾਂ ਮੀਨ੍ਹੇਂ ਮਗਰੋਂ ,
ਧੂਰੀ ਇੱਕ ਸਾਹਿਤ ਸਮਾਗਮ,

ਹੁੰਦੀਆਂ ਨੇ ਗੱਲਾਂ ਜਿੱਥੇ ,
ਸੱਚ ਦੇ ਹਰ ਰੰਗ ਦੀਆਂ ।

-ਮੂਲ ਚੰਦ ਸ਼ਰਮਾ ਪ੍ਰਧਾਨ , ਪੰਜਾਬੀ ਸਾਹਿਤ ਸਭਾ,ਧੂਰੀ
ਜ਼ਿਲ੍ਹਾ ਸੰਗਰੂਰ ।9914836037